
1920 ਤੋਂ
ਜਿਲਦ 101
ਨੰਬਰ 13

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

੧ ਤੋਂ ੧੬ ਭਾਦਰੋਂ ੨੦੭੮ ਬਿ.
16 to 31 Aug 2021

# ਸਤਿ ਜੁਗ



10/-

# ਉਪਦੇਸ਼ ਸ੍ਰੀ ਸਤਿਗਰੂ ਪ੍ਰਤਾਪ ਸਿੰਘ ਜੀ

* ਜਿਤਨਾ ਚਿਰ ਤੁਹਾਡੀ ਆਤਮਾ ਨਾਮ ਜਪ ਕੇ ਤਾਕਤ ਵਾਲੀ ਨਹੀਂ ਬਣ ਜਾਂਦੀ, ਤੁਸੀਂ ਕੋਈ ਮੁਲਕ ਦਾ ਕੰਮ, ਕੋਈ ਕੁਰਬਾਨੀ ਦਾ ਕੰਮ, ਕੋਈ ਪਰਉਪਕਾਰ ਦਾ ਕੰਮ ਨਹੀਂ ਕਰ ਸਕਦੇ। ਹੁਕਮ ਤੇ ਇਹ ਹੈ ਕਿ ਕੋਈ ਦਮ (ਨਾਮ ਬਿਨਾਂ) ਵਿਹਲਾ ਨਾ ਜਾਵੇ।

* ਸਭ ਤੋਂ ਵੱਡੀਆਂ ਸਤਿਗੁਰੂ ਦੀਆਂ ਖੁਸ਼ੀਆਂ, ਵੱਡੇ ਮੇਲੇ ਇਹ ਹਨ, ਜੇ ਗਰੀਬਾਂ ਦੇ ਮੂੰਹ ਅੰਨ ਪਵੇ, ਜੇ ਨੰਗੇ ਨੂੰ ਕੱਪੜਾ ਮਿਲ ਜਾਵੇ, ਜੇ ਕਿਸੇ ਗਰੀਬ ਦਾ ਕਾਰਜ ਸਰ ਜਾਏ। ਸਤਿਗੁਰੂ ਕਿਰਪਾ ਕਰਨ, ਮੇਰੇ ਤੇ ਵੀ ਤੁਸੀਂ ਇਹ ਕਿਰਪਾ ਕਰੋ, ਮੇਰਾ ਮਨ ਵੀ ਇਸ ਗੱਲ ਵੱਲ ਦੇਖਦਾ ਰਿਹਾ ਕਰੇ।

* ਮੈਂ ਸਾਰੀ ਸਾਧ ਸੰਗਤ ਅੱਗੇ ਅਰਜ਼ ਕਰਦਾ ਹਾਂ, ਧੋਖਾ ਕਰਨਾ, ਦਗਾ ਕਰਨਾ, ਫਰੇਬ ਕਰਨਾ– ਇਹ ਮਨੁੱਖ ਦੇ ਕੰਮ ਨਹੀਂ। ਸਿੱਖ ਤਾਂ ਬੜੀ ਉਚੀ ਚੀਜ਼ ਹੈ, ਮਨੁੱਖ ਵੀ– ਜਿਹਨੂੰ ਮਨੁੱਖ ਕਹੀਏ– ਉਹ ਵੀ ਉਹ ਹੀ ਹੈ ਜਿਹਦੀ ਜ਼ੁਬਾਨ ਹੋਵੇ।

* ਸਭ ਕੁਝ ਦੇਖ ਕੇ ਫਿਰ ਭੁੱਲਦੇ ਹਾਂ। ਫਿਰ ਸਾਡਾ ਇਹੋ ਚਿਤ ਕਰਦਾ ਹੈ, ਕਿ ਬਹੁਤੇ ਕੋਠੇ ਪਾ ਲਈਏ, ਬਹੁਤੇ ਪੈਸੇ ਸਾਡੇ ਕੋਲ ਹੋਣ, ਮੇਰਾ ਮੁੰਡਾ ਤੇ ਮੈਂ ਹੀ ਹੋਈਏ, ਦੂਏ ਮੇਰੇ ਭਰਾ ਵੀ ਮਰ ਜਾਣ। ਹੋਰ ਨਾ ਕੋਈ ਮੇਰੇ ਬਰਾਬਰ ਹੋ ਜਾਏ। ਇਹ ਅੱਗ ਸਾਨੂੰ ਈਰਖਾ ਦੀ ਸਾੜ ਰਹੀ ਹੈ।

# ਸਤਿਜੁਗ

੧੭ ਤੋਂ ੩੧ ਸਾਵਨ ੨੦੭੮ ਬਿ.
16 ਤੋਂ 31 ਅਗਸਤ 2021 ਈ.
ਜਿਲਦ 101, ਨੰਬਰ 13



ਸਲਾਹਕਾਰ ਮੈਂਬਰ

ਹਰਵਿੰਦਰ ਸਿੰਘ ਹੰਸਪਾਲ
ਸੁਵਰਨ ਸਿੰਘ ਵਿਰਕ
ਹਰਪਾਲ ਸਿੰਘ ਸੇਵਕ
ਸੰਤ ਨਿਸ਼ਾਨ ਸਿੰਘ
ਗੁਰਭੇਜ ਸਿੰਘ ਗੁਰਾਇਆ

ਸੰਪਾਦਕ

ਜਸਵੰਤ ਸਿੰਘ ਮਸਤ
ਗੁਰਲਾਲ ਸਿੰਘ
ਭਜਨ ਸਿੰਘ



*Printed and Published by*
*Mr. Harvendra Singh Hanspal*
*on behalf of Namdhari Darbar.*
*Printed at Summit advertising press,*
*2DLF (Part), Moti Nagar, New Delhi*
*and Published from Namdhari Gurdwara,*
*Ramesh Nagar, New Delhi-110015.*

THE SATJUG
Namdhari Gurdwara
Ramesh Nagar, New Delhi-15
RNI No. 55658/93
LDM/008/2021-2023

ਇਕ ਸਾਲ- ਦੇਸ - 500 ਰੁ:, ਪ੍ਰਦੇਸ- 70$ USD ਡਾਲਰ
ਪੰਜ ਸਾਲ- ਦੇਸ - 2000 ਰੁ:, ਪ੍ਰਦੇਸ- 280$ USD ਡਾਲਰ

***Designed and Typeset:***

ਹਾਕਮ ਸਿੰਘ
ਤਰਨ ਬੱਲ



ਪੱਤਰ ਵਿਹਾਰ ਦਾ ਪਤਾ :
ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ, ਪੰਜਾਬ-141126
ਫੋਨ : 98550-58178
89267-83000, 98155-75099
***Email- Satjug@sribhainisahib.com***


# ਤਤਕਰਾ


* ਸੰਪਾਦਕੀ- ਵੱਡ ਪ੍ਰਤਾਪੀ ਸਤਿਗੁਰ
  ਗੁਰਲਾਲ ਸਿੰਘ....................................4
* ਗੁਰਬਾਣੀ ਵਿਆਖਿਆ......................................6
* ਉਪਦੇਸ਼ ਸ੍ਰੀ ਸਤਿਗੁਰੂ ਉਦੇ ਸਿੰਘ ਜੀ..........................8
* ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਵਿਵਹਾਰਕ ਪੱਖ
  ਪ੍ਰੀਤਮ ਸਿੰਘ ਕਵੀ..................................10
* ਜਿਸਨੋ ਲਗਾ ਰੰਗੁ
  ਜਥੇ. ਨਿਸ਼ਾਨ ਸਿੰਘ ਦਿੱਲੀ...........................17
* ਵੰਡ ਦੀ ਦਾਸਤਾਨ (ਇੱਕ ਮੁਲਾਕਾਤ)
  ਗੁਰਲਾਲ ਸਿੰਘ.....................................20
* ਮਰਣੁ ਮੁਣਸਾ ਸੂਰਿਆ ਹਕੁ ਹੈ
  ਸਵਿੰਦਰ ਸਿੰਘ ਨਾਮਧਾਰੀ...........................23
* **Food4All, U.K.**
  **Anju Ahluwalia, Nirmaljeet Singh Saggu.....27**
* **Mohan Lal's Travel Account as Source Material on Maharaja Ranjit Singh and His Times**
  **Meera Nanda.............................................29**
* ਬੀਤੇ ਦੀਆਂ ਪੈੜਾਂ (ਅਣਛਪਿਆ ਭਾਗ)
  ਸਵ. ਪ੍ਰੀਤਮ ਸਿੰਘ ਕਵੀ............................34
* **A Saga of Sri Satguru Jagjit Singh ji**
  **Dr. Sharada Jayagovind .........................36**
* ਕਾਵਿ-ਕਿਆਰੀ............................................38
* ਸੁੱਚੇ ਮੋਤੀ...............................................40
* ਬੱਚਿਆਂ ਦਾ ਪੰਨਾ..........................................41
* ਖ਼ਬਰਨਾਮਾ...............................................42


ਨੋਟ- ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

੧ੴ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਸਤਜੁਗਿ ਸਚੁ ਕਹੈ ਸਭੁ ਕੋਈ ॥
ਸਤਜੁਗ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ

ਸੰਪਾਦਕੀ

# ਵੱਡ ਪ੍ਰਤਾਪੀ ਸਤਿਗੁਰ

ਅੰਤਰਯਾਮਤਾ ਕਹੋ ਜਾਂ ਦੂਰ ਦ੍ਰਿਸ਼ਟੀ ਸੱਚਾ ਰਹਿਬਰ ਉਹ ਹੀ ਹੁੰਦਾ ਹੈ, ਜੋ ਆਪਣੀ ਕੌਮ ਨੂੰ ਭਵਿੱਖੀ ਨੁਕਸਾਨ ਤੋਂ ਬਚਾਅ ਸਥਾਈ ਸੰਗਠਨਾਤਮਕ ਵਿਕਾਸ ਕਰਦਾ ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਜਦੋਂ ਨਾਮਧਾਰੀ ਪੰਥ ਦੀ ਵਾਗਡੋਰ ਸੰਭਾਲੀ। ਉਸ ਵਕ਼ਤ ਆਪ ਦੀ ਉਮਰ 16 ਸਾਲ ਸੀ। 53 ਵਰ੍ਹੇ ਆਪ ਜੀ ਨੇ ਪੰਥ ਦੀ ਰਾਹਨੁਮਾਈ ਕੀਤੀ। ਇਹ ਸਾਰਾ ਸਮਾਂ ਹੀ ਇਤਿਹਾਸਕ, ਰਾਜਨੀਤਿਕ, ਧਾਰਮਿਕ ਪੱਖ ਤੋਂ ਉਥਲ-ਪੁਥਲ ਵਾਲਾ ਹੈ।

ਗੁਰਗੱਦੀ ਦੇ ਆਰੰਭਿਕ ਵਰ੍ਹਿਆਂ ਨੂੰ ਅਸੀਂ ਪਿੰਜਰੇ ਵਿਚੋਂ ਪਰਵਾਜ਼ ਕਹਿ ਸਕਦੇ ਹਾਂ। ਬਸਤੀਵਾਦੀ ਸਰਕਾਰ ਸਤਿਗੁਰੂ ਰਾਮ ਸਿੰਘ ਜੀ ਨੂੰ ਜਲਾਵਤਨ ਕਰਨ ਤੋਂ ਬਾਅਦ ਸ੍ਰੀ ਭੈਣੀ ਸਾਹਿਬ ਦੀ ਡਿਉਢੀ ਅੱਗੇ ਪੱਕਾ ਡੇਰਾ ਪਾ ਬੈਠ ਗਈ ਸੀ। ਆਪ ਦਾ ਪ੍ਰਕਾਸ਼ (ਚੇਤ ਵਦੀ ਤੀਜ 1946 ਬਿ.) ਕਾਰਾਗਾਹ ਨੁਮਾ ਮਾਹੌਲ ਵਿੱਚ ਹੋਇਆ।

20 ਵੀਂ ਸਦੀ ਦਾ ਪਹਿਲਾ ਅੱਧ ਹਿੰਦੁਸਤਾਨ ਦਾ ਰਾਜਨੀਤਿਕ ਪੱਖੋਂ ਬਹੁਤ ਮਹੱਤਵਪੂਰਨ ਹੈ। ਆਮ ਸੂਝ-ਬੂਝ ਵਾਲਾ ਹਰ ਮਨੁੱਖ ਕਿਸੇ-ਨਾ-ਕਿਸੇ ਲਹਿਰ ਨਾਲ ਜੁੜ ਦੇਸ ਆਜ਼ਾਦੀ ਦੇ ਸੁਪਨੇ ਬੁਣ ਰਿਹਾ ਸੀ। ਦੇਸ ਵਿੱਚ ਹੜਤਾਲਾਂ, ਜਲਸੇ, ਫਾਂਸੀਆਂ, ਉਮਰ, ਕੈਦਾਂ, ਸਖ਼ਤੀਆਂ, ਵਰਗੇ ਸ਼ਬਦ ਲੋਕਾਂ ਦੇ ਮੂੰਹ 'ਤੇ ਆਮ ਸਨ। ਕੂਕੇ ਜਿਨ੍ਹਾਂ ਨੂੰ ਇਸ ਆਜ਼ਾਦੀ ਦੀ ਲੜਾਈ ਦਾ ਲੰਮਾ ਤਜਰਬਾ ਸੀ, ਉਹ ਆਪਣੇ ਸਤਿਗੁਰੂ ਜੀ ਦੇ ਹੁਕਮਾਂ ਅਨੁਸਾਰ ਅੰਗਰੇਜੀ ਹਕੂਮਤ ਦੀਆਂ ਨਵੀਂਆਂ-ਨਵੀਂਆਂ ਜਾਲਸਾਜ਼ੀਆਂ ਤੋਂ ਲੋਕਾਂ ਨੂੰ ਸੁਚੇਤ ਕਰ ਰਹੇ ਸਨ।

ਪਹਿਲੇ ਸੰਸਾਰ ਯੁੱਧ (1914) ਵਿੱਚ ਅੰਗਰੇਜ ਨੇ ਸਹੂਲਤਾਂ ਦਾ ਲੋਭ ਦੇ ਭਾਰਤੀਆਂ ਨੂੰ ਅੰਗਰੇਜੀ ਫ਼ੌਜ ਵੱਲੋਂ ਜੰਗ ਲੜਨ ਲਈ ਭਰਤੀ ਦੇਣ ਨੂੰ ਕਿਹਾ। ਇਸ ਸੰਬੰਧ ਵਿੱਚ ਲੁਧਿਆਣੇ ਦਾ ਡੀ.ਸੀ. ਭੈਣੀ ਸਾਹਿਬ ਆਇਆ। ਉਸਨੇ ਕੂਕੇ ਨੌਜਵਾਨਾਂ ਦੀ ਭਰਤੀ ਬਦਲੇ ਜਗੀਰਾਂ ਦੀ ਪੇਸ਼ਕਸ਼ ਕੀਤੀ। ਸਤਿਗੁਰੂ ਪ੍ਰਤਾਪ ਸਿੰਘ ਜੀ ਸਾਫ਼ ਕਿਹਾ "ਸਾਡੀ ਤੁਹਾਡੀ ਪੁਰਾਣੀ ਟੱਕਰ ਹੈ, ਤੁਸਾਂ ਭੈਣੀ ਸਾਹਿਬ ਦਾ ਉਹ ਅਪਮਾਨ ਕੀਤਾ ਹੈ ਜਿਸ ਨੂੰ ਆਉਣ ਵਾਲੀ ਨਸਲ ਕਦੇ ਮੁਆਫ਼ ਨਹੀਂ ਕਰੇਗੀ, ਦੂਸਰਾ ਇਸ ਦੇਸ਼ ਦੀ ਦੌਲਤ ਨੂੰ ਨਾਜਾਇਜ਼ ਲੜਾਈਆਂ ਵਿੱਚ ਜਾਇਆ ਕਰ ਰਹੇ ਹੋ ਤਾਂ ਤੁਸੀਂ ਸਾਥੋਂ ਉਮੀਦ ਕਰਦੇ ਹੋ ਕਿ ਅਸੀਂ ਤੁਹਾਡੀ ਇਮਦਾਦ ਕਰੀਏ, ਤੁਹਾਡੀਆਂ ਜਾਗੀਰਾਂ ਨੂੰ ਮੈਂ ਹੇਚ ਸਮਝਦਾ ਹਾਂ।" ਬਸਤੀਵਾਦੀ ਹਕੂਮਤ ਰਾਸ਼ਟਰੀ ਅੰਦੋਲਨ ਨੂੰ ਕਮਜ਼ੋਰ ਕਰਨ ਲਈ ਕਈ ਹੱਥਕੰਡੇ ਵਰਤ ਰਹੀ ਸੀ। ਬਹੁਤੀਆਂ ਸਿੱਖ ਜਥੇਬੰਦੀਆਂ ਅੰਗਰੇਜ ਸਰਕਾਰ ਦੀ ਜ਼ੁਬਾਨ ਬੋਲਦੀਆਂ ਸਨ। 1929 ਈ. ਦਾ ਕਾਂਗਰਸ ਦਾ ਸੈਸ਼ਨ ਲਾਹੌਰ ਰਾਵੀ ਦੇ ਕੰਢੇ 'ਤੇ ਹੋਣਾ ਸੀ। ਜਿਸ ਵਿੱਚ ਭਾਗ ਲੈਣ ਆਜ਼ਾਦੀ ਲਈ ਸਰਗਰਮ ਵੱਖ-ਵੱਖ ਸੂਬਿਆਂ, ਜਾਤਾਂ ਤੇ ਧਰਮਾਂ ਦੇ ਲੀਡਰਾਂ ਨੇ ਪੰਜਾਬ ਆਉਣਾ ਸੀ। ਅੰਗਰੇਜ਼ੀ ਹਕੂਮਤ ਦੇ ਇਸ਼ਾਰੇ ਨਾਲ ਅਕਾਲੀ ਦਲ ਨੇ ਇਸ ਸੈਸ਼ਨ ਦਾ ਵਿਰੋਧ ਕੀਤਾ ਪਰ ਸਤਿਗੁਰੂ ਜੀ ਦੇ ਹੁਕਮ ਨਾਲ ਮਹਾਰਾਜ ਨਿਹਾਲ ਸਿੰਘ ਤੇ ਸੰਤ ਮੰਗਲ ਸਿੰਘ ਦੀ ਅਗਵਾਈ ਹੇਠ ਸੈਂਕੜੇ ਨਾਮਧਾਰੀ ਨੌਜਵਾਨਾਂ ਨੇ ਭਾਗ ਲੈ ਇਸ ਸੈਸ਼ਨ ਨੂੰ ਸਫ਼ਲ ਬਣਾਇਆ।

ਸਤਿਗੁਰੂ ਜੀ ਅੰਗਰੇਜ ਦੀ ਬੀਜੀ ਫੁੱਟ ਤੋਂ ਭਲੀ ਭਾਂਤ ਜਾਣੂੰ ਸਨ। ਆਪ ਨੇ ਗੁਰੂ ਨਾਨਕ ਨਾਮ ਲੇਵਾ ਸੰਪਰਦਾਵਾਂ ਦਾ ਆਪਸੀ ਵਿਰੋਧ ਖ਼ਤਮ ਕਰਨ ਲਈ ਇਤਿਹਾਸਕ ਕਦਮ ਪੁੱਟਿਆ। 1934 ਈ. ਵਿੱਚ ਸ੍ਰੀ ਭੈਣੀ ਸਾਹਿਬ ਸਰਬ ਸੰਪ੍ਰਦਾਇ ਕਾਨਫਰੰਸ ਬੁਲਾਈ। ਸਾਰੀਆਂ ਸੰਪਰਦਾਵਾਂ ਨੂੰ ਖੁੱਲ੍ਹੇ ਦਿਲ ਨਾਲ ਸੱਦਾ ਦਿੱਤਾ। ਸਾਰਾ ਖ਼ਰਚ ਖੇਚਲ ਬਿਨਾਂ ਝਿਜਕ ਪ੍ਰਵਾਨ ਕੀਤਾ। ਕੁਝ ਧਾਰਮਿਕ ਲੀਡਰਾਂ ਨੇ ਇਸ ਸੱਦੇ ਨੂੰ ਪ੍ਰਵਾਨ ਕਰਨ ਲਈ ਸ਼ਰਤ ਰੱਖੀ, ਨਾਮਧਾਰੀ ਬਾਰਾਂ ਪਾਤਸ਼ਾਹ ਦੀ ਅਰਦਾਸ ਕਰਦੇ ਹਨ, ਜੇ ਦਸਾਂ ਪਾਤਸ਼ਾਹੀਆਂ ਦੀ ਸਾਨੂੰ ਕਰਨ ਦੇਣ ਤਾਂ ਅਸੀਂ ਸ੍ਰੀ ਭੈਣੀ ਸਾਹਿਬ ਜਾਵਾਂਗੇ। ਸਤਿਗੁਰੂ ਜੀ ਨੇ ਫ਼ਰਾਖ਼ਦਿਲੀ ਨਾਲ ਸ਼ਰਤ ਪ੍ਰਵਾਨ ਕੀਤੀ। ਆਕਾਸ਼ਬਾਣੀ ਪੱਤਰ ਵਿੱਚ ਸ੍ਰੀ ਅਵਤਾਰ ਸਿੰਘ ਆਜ਼ਾਦ ਨੇ ਲਿਖਿਆ ਸੀ। "ਕਾਨਫ਼ਰੰਸ ਦੀ ਸਫ਼ਲਤਾ ਵੇਖ ਕੇ ਸਾਨੂੰ ਪਤਾ ਲੱਗਾ ਹੈ ਕਿ ਇਕ ਨਿਰਮਾਣ ਭਜਨ ਮੂਰਤ, ਸਾਂਈ ਨਾਲ ਜੁੜੇ ਮਹਾਂਪੁਰਖ ਦੀ ਉੱਚੀ ਅਵਸਥਾ ਆਪਣੇ ਅੰਦਰ ਕੀ ਖਿੱਚ ਰੱਖਦੀ ਹੈ। ਸ੍ਰੀ ਹਜ਼ੂਰ ਮਹਾਰਾਜ ਪ੍ਰਤਾਪ

ਸਿੰਘ ਜੀ ਦੇ ਪਿਆਰ ਨੇ ਸਾਰੇ ਸਿੱਖੀ ਮੰਡਲ ਵਿੱਚ ਹੀ ਪਿਆਰ ਤਰੌਂਕਾ ਲਾ ਦਿੱਤਾ ਅਤੇ ਕਾਨਫਰੰਸ ਵਿੱਚ ਹਾਜ਼ਰ ਹੋਣ ਵਾਲਾ ਕੋਈ ਸੱਜਣ ਵੀ ਇਨਕਾਰ ਨਹੀਂ ਕਰ ਸਕਦਾ ਕਿ ਇਸ ਉੱਦਮ ਦੀ ਸਫ਼ਲਤਾ ਵਿੱਚ ਵਧੇਰੇ ਹਿੱਸਾ ਸ੍ਰੀ ਮਹਾਰਾਜ ਜੀ ਦਾ ਉੱਚਾ ਤੇ ਸੁੱਚਾ ਜੀਵਨ ਅਤੇ ਉਸ ਦੇ ਪੈਰੋਂ ਪੈਦਾ ਹੋਇਆ, ਉਹ ਅਟੁੱਟ ਪ੍ਰੇਮ ਹੈ ਕਿ ਜਿਸ ਦੀ ਝਲਕ ਨੇ ਸਾਰੀਆਂ ਸਿੱਖ ਸੰਪਰਦਾਵਾਂ ਨੂੰ ਮੋਹ ਲਿਆ।"

ਪੰਜਾਬੀ ਬੋਲੀ ਪ੍ਰਤੀ ਆਪ ਦੀ ਸੁਹਿਰਦਤਾ ਲਾ-ਮਿਸਾਲ ਸੀ। ਆਪ ਨੇ ਪੰਜਾਬੀ ਭਾਸ਼ਾ ਵਿਚ ਲਿਖਣ, ਪੜ੍ਹਨ ਵਾਲਿਆਂ ਲਈ 1920 ਈ. ਵਿੱਚ ਮਹਾਰਾਜ ਗੁਰਦਿਆਲ ਸਿੰਘ ਦੀ ਅਗਵਾਈ ਹੇਠ ਸਤਿਜੁਗ ਪਰਚਾ ਸ਼ੁਰੂ ਕੀਤਾ। ਜਿਸ ਨੂੰ ਅੱਜ 100 ਸਾਲ ਤੋਂ ਵੱਧ ਸਮਾਂ ਹੋ ਗਿਆ ਹੈ।

ਸਮਾਜ ਦੇ ਵੱਖ-ਵੱਖ ਪੱਖਾਂ ਨੂੰ ਉਭਾਰਨ ਲਈ ਆਪ ਨੇ ਕਈ ਕਾਨਫ਼ਰੰਸਾਂ ਅਤੇ ਸੰਮੇਲਨ ਕੀਤੇ। ਅੰਗਰੇਜ ਦੀ ਘੋਲੀ ਹੋਈ ਜ਼ਹਿਰ ਆਪਸੀ ਭਾਈਚਾਰੇ ਨੂੰ ਦਿਨੋਂ ਦਿਨ ਗੰਧਲਾ ਕਰ ਰਹੀ ਸੀ। ਸਤਿਗੁਰੂ ਜੀ ਨੇ 1943 ਈ. ਵਿੱਚ ਹਿੰਦੂ ਸਿੱਖ ਮਿਲਾਪ ਕਾਨਫ਼ਰੰਸ ਸ੍ਰੀ ਭੈਣੀ ਸਾਹਿਬ ਕਰਵਾਈ। ਜਿਸ ਵਿੱਚ ਭਵਿੱਖੀ ਸਾਂਝ ਲਈ ਵੱਖ-ਵੱਖ ਵਿਦਵਾਨਾਂ ਨੇ ਤਕਰੀਰਾਂ ਪੇਸ਼ ਕੀਤੀਆਂ। ਨਾਮਧਾਰੀਆਂ ਅੰਦਰ ਨੈਤਿਕ ਕਦਰਾਂ-ਕੀਮਤਾਂ ਪੈਦਾ ਕਰਨ ਲਈ ਆਪ ਨੇ ਪੁਰਜ਼ੋਰ ਯਤਨ ਕੀਤੇ। ਆਪ ਨੂੰ ਬੇਇਨਸਾਫ਼ੀ, ਝੂਠ, ਫਰੇਬ ਕਦੇ ਵੀ ਕਿਸੇ ਕੀਮਤ 'ਤੇ ਵੀ ਪ੍ਰਵਾਨ ਨਹੀਂ ਹੋਇਆ। ਆਪ ਦਾ ਫ਼ੈਸਲਾ ਹਮੇਸ਼ਾਂ ਬੇਬਾਕ ਤੇ ਸਪੱਸ਼ਟ ਹੁੰਦਾ।

ਵੱਖ-ਵੱਖ ਚੀਜ਼ਾਂ ਪ੍ਰਤੀ ਆਪ ਦੀ ਪਾਰਖੂ ਅੱਖ ਨੇ ਕਦੀ ਧੋਖਾ ਨਹੀਂ ਖਾਧਾ। ਸੌ ਰੁਪਏ ਵਿੱਚ ਖਰੀਦੇ ਘੋੜੇ 'ਜੈ ਭਾਰਤ' ਨੂੰ ਜਦੋਂ ਆਪ ਨੇ ਰੇਸ ਵਿਚ ਉਤਾਰਿਆ ਤਾਂ ਆਪਣੇ ਆਪ ਨੂੰ ਘੋੜਿਆਂ ਦੇ ਪਾਰਖੂ ਸਮਝਣ ਵਾਲੇ ਲੋਕਾਂ ਨੇ ਆਪ ਨੂੰ ਕਿਹਾ ਕਿ ਇਹ ਕੀ ਭੱਜੇਗਾ। ਪਰ ਹੋਇਆ ਇਸ ਦੇ ਉਲਟ ਉਸ ਘੋੜੇ ਨੇ ਵਾਇਸਰਾਇ ਦੀ ਬੇਗਮ ਦੀ ਸੁਪੀਰੀਅਰ ਕਿਸਮ ਦੀ ਘੋੜੀ 'ਟੇਅਰਨ ਕੁਈਨ' ਨੂੰ ਹਰਾ ਕੇ ਗੋਲਡ ਕੱਪ ਜਿੱਤਿਆ। ਪਤਾ ਨਹੀਂ ਕਿੰਨੇ ਹੀ ਮਾਲਕਾਂ ਵੱਲੋਂ ਬੇਕਾਰ ਸਮਝੇ ਘੋੜੇ ਤੇ ਗਊਆਂ ਨੂੰ ਆਪ ਦੀ ਨਿਗ੍ਹਾ ਨੇ ਪਰਖਿਆ ਖ਼ਰੀਦ ਮਸਾਲ ਪੈਦਾ ਕੀਤੀ। ਇਸ ਹੀ ਪਾਰਖੂ ਕਸਵੱਟੀ ਨਾਲ ਦੇਸ਼ ਵੰਡ ਤੋਂ ਪਹਿਲਾਂ ਇਲਾਕਾ ਜੀਵਨ ਨਗਰ (ਸਿਰਸਾ) ਦੀ ਜ਼ਮੀਨ ਨੂੰ ਪਸੰਦ ਕਰ ਲਿਆ।

ਨਾਮਧਾਰੀਆਂ ਦੀ ਰਿਆਸਤ ਬਣਾਉਣ ਲਈ ਆਪ ਨੇ ਸਿੱਖਾਂ ਨੂੰ ਕਿਹਾ ਤੁਹਾਡੇ ਲਈ ਜ਼ਮੀਨ ਦੇਖ ਲਈ ਹੈ। ਰਕਮਾਂ ਤਿਆਰ ਕਰੋ ਤਾਂ ਕਿ ਰਜਿਸਟਰੀ ਹੋ ਜਾਵੇ। ਬੇਦਾਦ ਸ਼ੇਖੂਪੁਰੇ ਦੇ ਹੋਲੇ 'ਤੇ ਆਪ ਨੇ ਸੰਗਤ 'ਚ ਖੁੱਲ੍ਹਾ ਐਲਾਨ ਕੀਤਾ ਕਿ ਬਾਲ ਬੱਚੇ ਤੇ ਜ਼ਰੂਰੀ ਸਾਮਾਨ ਲੈ ਬਿਆਸਾ ਦਰਿਆ ਪਾਰ ਕਰ ਜਾਉ, ਨਹੀਂ ਤੇ ਰਾਵੀ ਤਾਂ ਜ਼ਰੂਰ ਪਾਰ ਕਰ ਜਾਵੋ। ਦੇਸ਼ ਦੀ ਵੰਡ ਹੋ ਜਾਣੀ ਐ, ਵੱਡਾ ਖੂਨ ਖਰਾਬਾ ਹੋਵੇਗਾ। ਸਤਿਗੁਰੂ ਜੀ ਮਹਾਤਮਾ ਗਾਂਧੀ ਜੀ ਨੂੰ ਮਿਲ ਵੰਡ ਸਮੇਂ ਹੋਣ ਵਾਲੇ ਇਸ ਭਿਆਨਕ ਖ਼ੂਨ ਖ਼ਰਾਬੇ ਬਾਰੇ ਸੁਚੇਤ ਕਰਦੇ ਹਨ। ਮਹਾਤਮਾ ਗਾਂਧੀ ਜੀ ਨੇ ਸਹਿਜ ਭਾਵ ਨਾਲ ਕਿਹਾ ਛੋਟੀਆਂ ਮੋਟੀਆਂ ਝੜਪਾਂ ਹੋ ਸਕਦੀਆਂ ਹਨ ਤਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਉੱਥੇ ਮੌਜੂਦ ਲੜਕੀਆਂ ਵੱਲ ਇਸ਼ਾਰਾ ਕਰ ਕਿਹਾ, ਜਦੋਂ ਇਨ੍ਹਾਂ ਦੀਆਂ ਇੱਜ਼ਤਾਂ 'ਤੇ ਬਣੀ ਤਾਂ ਗੱਲ ਵੱਸੋਂ ਬਾਹਰ ਹੋਵੇਗੀ।

ਸਤਿਗੁਰੂ ਜੀ ਦੀ ਗੱਲ ਸੱਚ ਸਾਬਤ ਹੋਈ ਲੱਖਾਂ ਲੋਕ ਇਸ ਵੰਡ ਦਾ ਸ਼ਿਕਾਰ ਹੋਏ, ਹਜ਼ਾਰਾਂ ਧੀਆਂ ਬੇਪੱਤ ਹੋਈਆਂ। ਜਿਹੜੀਆਂ ਮਾਪਿਆਂ ਨੇ ਆਪ ਮਾਰ ਦਿੱਤੀਆਂ, ਉਨ੍ਹਾਂ ਦੀ ਗਿਣਤੀ ਨਹੀਂ ਕੀਤੀ ਜਾ ਸਕਦੀ। ਤਰਨ ਸਿੰਘ ਵਹਿਮੀ 'ਜੱਸ ਜੀਵਨ' ਵਿੱਚ ਲਿਖਦੇ ਹਨ ਜੀਵਨ ਨਗਰ ਲੰਗਰ ਵਿੱਚ ਇੱਕ ਦਿਨ ਪਰਸ਼ਾਦਾ ਛਕਦਿਆਂ ਸਤਿਗੁਰੂ ਜੀ ਦੇ ਨੇਤਰਾਂ ਵਿੱਚੋਂ ਮੋਤੀਆਂ ਵਾਂਗ ਜਲ ਕਿਰਨ ਲੱਗਾ, ਭਾਈ ਵਜ਼ੀਰ ਸਿੰਘ ਜੀ ਹੱਥ ਜੋੜ ਪੁੱਛਿਆ, "ਸੱਚੇ ਪਾਤਸ਼ਾਹ ਕੀ ਕਾਰਨ ਹੋਇਆ" ਤਾਂ ਆਪ ਨੇ ਉੱਤਰ ਦਿੱਤਾ "ਕਿਨੂੰ ਦੱਸਾਂ ਤੇ ਕੀ ਕਰਾਂ ਮੈਨੂੰ ਜਦੋਂ ਉਹ ਬੀਬੀਆਂ ਯਾਦ ਆਉਂਦੀਆਂ ਹਨ ਜੋ ਬਗਾਨਿਆਂ ਕੋਲ ਹਾਉਕੇ ਭਰ ਜਾਨਾਂ ਰੋਲ ਰਹੀਆਂ ਹਨ, ਜਿਨ੍ਹਾਂ ਦੀ ਕੋਈ ਬਹੁੜੀ ਨਹੀਂ ਸੁਣਦਾ ਤਾਂ ਪ੍ਰਸ਼ਾਦ ਛਕਣ 'ਤੇ ਕੀ ਅੰਦਰ ਹੀ ਹਿੱਲ ਜਾਂਦਾ ਹੈ ਤੇ ਉਨ੍ਹਾਂ ਦੇ ਭਾ ਦਾ ਕੋਈ ਗੁਰੂ, ਪੀਰ, ਰੱਬ, ਬਲੀ, ਸਰਕਾਰ ਨਹੀਂ ਰਹਿ ਗਿਆ। ਉਹ ਕਿਵੇਂ ਕੱਟਦੀਆਂ ਤੇ ਕਿਵੇਂ ਜਿਉਂਦੀਆਂ ਹਨ ਤੇ ਕਿਸ ਨੂੰ ਚਿਤਵਦੀਆਂ ਹੋਣਗੀਆਂ? ਜਦ ਕੋਈ ਬਹੁੜੇ ਹੀ ਨਾ ਤਾਂ ਸਿਦਕ ਵੀ ਖਿਸਕ ਹੀ ਜਾਂਦਾ ਹੈ।"

ਮਨੁੱਖੀ ਇਤਿਹਾਸ ਦਾ ਇਹ ਸਭ ਤੋਂ ਖ਼ੂਨੀ ਬਟਵਾਰਾ ਸੀ। ਬਹੁਤ ਸਾਰੇ ਨਾਮਧਾਰੀਆਂ ਨੂੰ ਸਤਿਗੁਰੂ ਜੀ ਇਸ ਵੰਡ ਤੋਂ ਪਹਿਲਾਂ ਪੱਛਮੀ ਪੰਜਾਬ ਤੋਂ ਕੱਢ ਲਿਆ। ਜੋ ਹੁਕਮ ਨਾ ਮੰਨ ਸਕੇ ਆਖਰ ਸਭ ਕੁਝ ਲੁਟਾ ਰੁਲਦੇ ਹੋਏ ਵੱਖ-ਵੱਖ ਕਾਫ਼ਲਿਆਂ ਨਾਲ ਹਿੰਦੋਸਤਾਨ ਆਏ। ਉਨ੍ਹਾਂ ਲਈ ਵੀ ਰੋਟੀ ਕੱਪੜੇ ਦਾ ਪ੍ਰਬੰਧ ਕੀਤਾ। ਸਤਿਗੁਰੂ ਜੀ ਨੇ ਬਣਾਈ ਹੋਈ ਯੋਜਨਾ ਤਹਿਤ ਬੇਜ਼ਮੀਨੇ ਮੁਜ਼ਾਰੇ ਸਿੱਖਾਂ ਨੂੰ ਜ਼ਮੀਨਾਂ ਦੇ ਮਾਲਕ ਬਣਾਇਆ।

ਬਾਅਦ ਵਿੱਚ ਸਤਿਗੁਰੂ ਜੀ ਦੀ ਕੀਤੀ ਵੰਡ ਨੂੰ ਲੈ ਕਈ ਵਿਰੋਧੀ ਸੁਰਾ ਉੱਠੀਆਂ। ਵਿਰੋਧੀਆਂ ਸਰਕਾਰੀ ਸ਼ਕਤੀ ਦੇ ਬਲ ਨਾਲ ਕਈ ਮੁਕੱਦਮੇ ਆਪ ਦੇ ਖਿਲਾਫ਼ ਦਰਜ ਕਰਵਾਏ ਪਰ ਆਪ ਦਾ ਦ੍ਰਿੜ੍ਹ ਇਰਾਦਾ ਸੀ, ਕਿ ਮੈਂ ਝੂਠੀ ਕਚਹਿਰੀ ਵਿਚ ਨਹੀਂ ਜਾਣਾ ਪ੍ਰਾਣ ਤਿਆਗ ਦੇਣੇ ਹਨ। ਆਪ ਆਪਣੇ ਬਚਨਾਂ 'ਤੇ ਅਟੱਲ ਰਹੇ। 5 ਭਾਦਰੋਂ (21 ਅਗਸਤ) ਦੀ ਰਾਤ ਨੂੰ 12 ਵਜੇ ਸ੍ਰੀ ਭੈਣੀ ਸਾਹਿਬ ਗੋਲ ਮੰਦਰ ਵਿੱਚ ਪੰਜ ਭੂਤਕ ਸਰੀਰ ਤਿਆਗ ਦਿੱਤਾ। ਜੋਤਿ ਨਵੇਂ ਰੂਪ ਵਿੱਚ ਪ੍ਰਕਾਸ਼ਮਾਨ ਹੋਈ।

**ਗੁਰਲਾਲ ਸਿੰਘ**
**97800-97898**

# ਗੁਰਬਾਣੀ ਵਿਆਖਿਆ- ਜਪੁ ਸਾਹਿਬ

**ਤੀਰਥੁ ਤਪੁ ਦਇਆ ਦਤੁ ਦਾਨੁ ॥**
ਤੀਰਥ ਯਾਤਰਾ, ਤਪੱਸਿਆ, ਦਇਆ ਕਰਨੀ ਅਤੇ ਦਾਨ ਦੇਣਾ
Going on a pilgrimage, doing a disciplined spiritual practice, being kind and doing charity (being merciful and generous),

**ਜੇ ਕੋ ਪਾਵੈ ਤਿਲ ਕਾ ਮਾਨੁ ॥**
ਜੇ ਕਿਸੇ ਨੂੰ ਇਹ ਪ੍ਰਾਪਤ ਹੋ ਜਾਵੇ, ਤਾਂ ਉਸਨੂੰ ਇਸ ਦਾ ਫਲ ਥੋੜੇ ਸਮੇਂ ਲਈ ਹੀ ਮਾਣ ਪ੍ਰਾਪਤ ਹੁੰਦਾ ਹੈ।
one can enjoy the fruits (of the above-mentioned actions), for just a little while.

**ਸੁਣਿਆ ਮੰਨਿਆ ਮਨਿ ਕੀਤਾ ਭਾਉ ॥**
ਜਿਸਨੇ ਸੁਣਿਆ, ਮੰਨਿਆ ਅਤੇ ਮਨ ਵਿੱਚ ਪ੍ਰਭੂ ਨਾਲ ਪ੍ਰੇਮ ਕੀਤਾ
Whosoever listens, realizes and loves God from the bottom of one's heart,

**ਅੰਤਰਗਤਿ ਤੀਰਥਿ ਮਲਿ ਨਾਉ ॥**
ਉਸਨੇ ਆਪਣੇ ਅੰਦਰਲੇ ਤੀਰਥ ਉੱਤੇ ਮਲ-ਮਲ ਇਸ਼ਨਾਨ ਕਰ ਲਿਆ ਹੈ।
they have cleansed themselves in the waters of their inner pilgrimage.

**ਸਭਿ ਗੁਣ ਤੇਰੇ ਮੈ ਨਾਹੀ ਕੋਇ ॥**
ਸਾਰੇ ਗੁਣ ਤੇਰੇ ਦਿੱਤੇ ਮਿਲਦੇ ਹਨ ਮੇਰੇ ਵਿੱਚ ਕੋਈ ਗੁਣ ਨਹੀਂ ਹੈ।
All virtues are Yours, I have no virtue
**ਵਿਣੁ ਗੁਣ ਕੀਤੇ ਭਗਤਿ ਨ ਹੋਇ ॥**
ਬਿਨਾਂ ਗੁਣਾਂ ਤੋਂ ਭਗਤੀ ਨਹੀਂ ਹੁੰਦੀ।
Without virtues, one cannot practice devotion.

**ਸੁਅਸਤਿ ਆਥਿ ਬਾਣੀ ਬਰਮਾਉ ॥**
ਹੇ ਪ੍ਰਭੂ! ਤੇਰੀ ਜੈ ਹੋਵੇ, ਤੂੰ ਆਪ ਹੀ ਮਾਇਆ, ਬਾਣੀ ਅਤੇ ਬ੍ਰਹਮਾ ਹੈਂ।
O God ! may victory be Yours, You Yourself are illusion (*Maya*), wisdom (scripture) and the creator.

**ਸਤਿ ਸੁਹਾਣੁ ਸਦਾ ਮਨਿ ਚਾਉ ॥**
ਤੂੰ ਸਦਾ ਸੱਚ ਹੈਂ, ਸੁੰਦਰ ਹੈਂ ਅਤੇ ਤੇਰੇ ਮਨ ਵਿੱਚ ਸਦਾ ਆਨੰਦ ਹੈ।
You are the eternal truth, magnificent and ever joyful.

**ਕਵਣੁ ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰੁ ॥**

ਉਹ ਕਿਹੜਾ ਵੇਲਾ ਸੀ, ਕਿਹੜਾ ਵਕਤ ਸੀ, ਕਿਹੜੀ ਥਿੱਤ ਅਤੇ ਕਿਹੜਾ ਵਾਰ ਸੀ।
What was the occasion, time, date and day?

**ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ ॥**
ਕਿਹੜੀ ਰੁੱਤ ਅਤੇ ਕਿਹੜਾ ਮਹੀਨਾ ਸੀ, ਜਿਸ ਵੇਲੇ ਨਿਰੰਕਾਰ ਤੋਂ ਇਹ ਸੰਸਾਰ ਰਚਿਆ ਗਿਆ ਸੀ।
in which season and month, did the formless God create this world?

**ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ ॥**
ਪੰਡਤਾਂ ਨੂੰ ਉਹ ਵੇਲਾ ਨਹੀਂ ਲੱਭਾ, ਜੇ ਪੁਰਾਣਾਂ ਵਿੱਚ ਹੋਵੇ ਤਾਂ ਲੱਭਣ।
The learned *Pandits* haven't found it;
they could have found it, only if it had been mentioned in the *Puranas*.

**ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ ॥**
ਕਾਜ਼ੀਆਂ ਨੂੰ ਵੀ ਉਹ ਵਕਤ ਨਹੀਂ ਪ੍ਰਾਪਤ ਹੋਇਆ, ਜੇ ਕੁਰਾਨ ਵਿੱਚ ਉਹ ਲੇਖ ਲਿਖਿਆ ਹੋਵੇ ਤਾਂ ਮਿਲੇ।
The learned *Qazis* couldn't find it as well;
they could have found it, only if it had been mentioned in the *Quran*.

**ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ ॥**
ਉਸ ਥਿੱਤ, ਵਾਰ, ਰੁੱਤ ਅਤੇ ਮਹੀਨੇ ਨੂੰ ਕੋਈ ਜੋਗੀ ਵੀ ਨਹੀਂ ਜਾਣਦਾ।
No *Yogi* knows that date, day, season and month.

**ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ ॥**
ਜਿਸ ਸਮੇਂ ਕਰਤਾ ਪੁਰਖ ਨੇ ਸ੍ਰਿਸ਼ਟੀ ਰਚੀ ਹੈ, ਉਹ ਆਪ ਹੀ ਸਾਰਾ ਕੁਝ ਜਾਣਦਾ ਹੈ।
Only the Creator God knows the time, when He created this world.

**ਕਿਵ ਕਰਿ ਆਖਾ ਕਿਵ ਸਾਲਾਹੀ ਕਿਉ ਵਰਨੀ ਕਿਵ ਜਾਣਾ ॥**
ਮੈਂ ਉਸਦੀ ਸਿਫਤ-ਸਾਲਾਹ ਨੂੰ ਕਿਵੇਂ ਆਖ ਸਕਦਾ ਹਾਂ, ਕਿਵੇਂ ਵਰਨਣ ਕਰ ਸਕਦਾ ਹਾਂ ਅਤੇ ਕਿਵੇਂ ਜਾਣ ਸਕਦਾ ਹਾਂ।
How can I praise His virtues, describe and know about them?

**ਨਾਨਕ ਆਖਣਿ ਸਭੁ ਕੋ ਆਖੈ ਇਕ ਦੂ ਇਕੁ ਸਿਆਣਾ ॥**
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਇੱਕ ਤੋਂ ਇੱਕ ਵੱਧ ਸਿਆਣਾ, ਉਸ ਦੀ ਸਿਫਤ ਕਹਿੰਦਾ ਹੈ ਕਿ
*Satguru Nanak* says that the wisest of the wise say in His praise that

**ਵਡਾ ਸਾਹਿਬੁ ਵਡੀ ਨਾਈ ਕੀਤਾ ਜਾ ਕਾ ਹੋਵੈ ॥**
ਉਹ ਸਾਹਿਬ ਵੱਡਾ ਹੈ, ਉਸ ਦਾ ਨਾਮ ਵੀ ਵੱਡਾ ਹੈ ਅਤੇ ਉਸ ਦਾ ਕੀਤਾ ਹੀ ਸਭ ਕੁਝ ਹੁੰਦਾ ਹੈ।
He is Great, His *Naam* is the Greatest, and everything happens as per His will.

**ਨਾਮਧਾਰੀ ਨਿਤਨੇਮ ਸਟੀਕ ਵਿੱਚੋਂ.....**

# ਉਪਦੇਸ਼
# ਸ੍ਰੀ ਸਤਿਗੁਰੂ ਉਦੇ ਸਿੰਘ ਜੀ

**18 ਜੁਲਾਈ 2021, ਬੰਗਲੌਰ**



ਪਰਮ ਸਤਿਕਾਰ ਯੋਗ ਸਾਧ ਸੰਗਤ ਜੀ। ਬੜਾ ਵੱਡਾ ਉੱਦਮ ਹੈ ਜਿਹਨਾਂ ਨੇ ਔਨਲਾਈਨ ਬੱਚਿਆਂ ਨੂੰ ਨੌਜੁਆਨਾਂ ਨੂੰ ਇਕੱਠੇ ਕੀਤਾ ਹੈ। ਮੈਂ ਸਮਝਦਾ ਹਾਂ ਕਿ ਇਹ ਸਤਿਗੁਰੂ ਜੀ ਦੀ ਕਿਰਪਾ ਤੋਂ ਬਿਨ੍ਹਾਂ ਨਹੀਂ ਹੋ ਸਕਦਾ। ਹਰਪਾਲ ਸਿੰਘ ਤੇ ਉਹਨਾਂ ਦੇ ਹੋਰ ਸਾਰੇ ਸਾਥੀ ਬੀਬੀ ਲਖਵਿੰਦਰ ਕੌਰ, ਰਤਨ ਕੌਰ ਬਾਕੀ ਸਾਰੇ ਸਾਥੀ ਜਿਹਨਾਂ ਦਾ ਮੈਨੂੰ ਇਸ ਵੇਲੇ ਨਾਮ ਯਾਦ ਨਹੀਂ। ਇਹਨਾਂ ਸਾਰਿਆਂ 'ਤੇ ਸੱਚੇ ਪਾਤਸ਼ਾਹ ਜੀ ਨੇ ਕਿਰਪਾ ਕਰਕੇ ਸੇਵਾ ਲਈ ਹੈ, ਇਨ੍ਹਾਂ ਦੇ ਵੱਡੇ ਭਾਗ ਹਨ।

ਮੈਂ ਅੱਜ ਖ਼ਾਸ ਕਰਕੇ ਕੁਝ ਅਰਜ਼ਾ ਕਰਨਾ ਚਾਹੁੰਦਾ ਹਾਂ ਕਿ ਅੱਜ ਨਿਊਜੀਲੈਂਡ ਦੀ ਸੰਗਤ ਇਕੱਠੀ ਹੋਈ ਹੈ। ਜਗ੍ਹਾ-ਜਗ੍ਹਾ ਨਾਮ ਸਿਮਰਨ ਹੋ ਰਿਹਾ ਹੈ, ਹਰ ਜੱਸ ਹੋ ਰਿਹਾ ਹੈ। ਬਾਕੀ ਗੱਲ ਕਰਨ ਤੋਂ ਪਹਿਲਾਂ ਉਸ ਪਾਤਸ਼ਾਹ ਨੂੰ ਯਾਦ ਕਰੀਏ ਜਿਹਨਾਂ ਦੀ ਕਿਰਪਾ ਨਾਲ ਇਹ ਹਰਜੱਸ ਹੋ ਰਿਹਾ ਹੈ, ਜਿਹਨਾਂ ਦੀ ਕਿਰਪਾ ਨਾਲ ਸਿੱਖੀ ਜਿਊਂਦੀ ਹੈ। ਇਕ ਵਾਰੀ ਸਾਰੇ ਬੜੇ ਪਿਆਰ ਨਾਲ ਆਖੀਏ ਧੰਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸੱਚੇ ਪਾਤਸ਼ਾਹ। ਮੈਂ ਗੱਲ ਕਰ ਰਿਹਾ ਸੀ ਕਿ ਨਿਊਜੀਲੈਡ ਦੀ ਸੰਗਤ ਇਕੱਠੀ ਹੋਈ ਹੈ। ਰਿਸ਼ੀ ਪ੍ਰੀਤ, ਬਲਜੀਤ ਸਿੰਘ ਹੋਰਾਂ ਕਿਹਾ ਸੀ ਕੁਝ ਅਰਜ਼ਾ ਕਰਨ ਨੂੰ। ਇਹ ਤੁਹਾਡਾ ਬੜਾ ਵਧੀਆ ਉੱਦਮ ਹੈ ਤੁਸੀਂ ਇਕੱਠੇ ਹੁੰਦੇ ਹੋ ਬੇਸ਼ੱਕ ਮਹੀਨੇ ਬਾਅਦ ਇਕੱਠੇ ਹੁੰਦੇ ਹੋ। ਜਿਨ੍ਹੇ ਨਿਊਜੀਲੈਂਡ ਨੌਜੁਆਨ ਗਏ ਹੋਏ ਨੇ, ਇਕੱਠੇ ਹੋ ਕੇ ਨਾਮ ਸਿਮਰਨ ਤੁਸੀਂ ਕਰਦੇ ਹੋ। ਇਸ ਵੱਡਮੁੱਲੀ ਸਿੱਖੀ ਨਾਲ ਜੁੜੇ ਰਹਿੰਦੇ ਹੋ। ਆਪਣੇ ਸੰਸਕਾਰਾਂ ਨਾਲ ਜੁੜੇ ਰਹਿੰਦੇ ਹੋ। ਇਹੋ ਹੀ ਚੀਜ ਸੁੱਖ ਦੇਣ ਵਾਲੀ ਹੈ। ਮਾਇਆ ਦਾ ਪਸਾਰਾ ਜੋ ਹੋਇਆ ਹੈ ਉਸ ਵਿੱਚ ਆਪਾ ਉਲਝ ਜਾਨੇ ਹਾਂ। ਕਿਉਂਕਿ ਇਹ ਪਸਾਰਾ ਪ੍ਰਭੂ ਦਾ ਜਿਸ ਤਰ੍ਹਾਂ ਕੇ ਗੁਰਸੇਵਕ ਸਿੰਘ ਗੱਲ ਕਰਦਾ ਸੀ ਕਿ ਉਸ (ਪ੍ਰਭੂ) ਨੇ ਮਾਇਆ ਦਾ ਪਸਾਰਾ ਪਾਇਆ ਹੀ ਇੱਡਾ ਵੱਡਾ ਹੈ ਕਿ ਅਸੀਂ ਉਸ ਸਾਰੇ ਕੁਝ ਨੂੰ ਸੱਚ ਸਮਝ ਕੇ ਅਸਲੀ ਸੱਚ ਨੂੰ ਭੁੱਲ ਜਾਂਦੇ ਹਾਂ। ਬੜੇ ਸੋਹਣੇ ਸ਼ਬਦ ਦੀ ਗੁਰਸੇਵਕ ਸਿੰਘ ਨੇ ਵਿਆਖਿਆ ਕੀਤੀ 'ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ' ਉਹ ਸ਼ਬਦ ਇਥੋਂ ਸ਼ੁਰੂ ਹੁੰਦਾ ਹੈ ਕਿ 'ਕਾਹੇ ਰੇ ਬਨ ਖੋਜਨ ਜਾਈ' ਮੈਂ ਕਈ ਵਾਰੀ ਦੇਖਦਾ ਹਾਂ ਕਿ ਤੁਸੀਂ ਕੁਝ ਵੀ ਪੜ੍ਹ ਲਵੋ, ਜਿਨ੍ਹੀਆਂ ਸਪਸ਼ਟ ਸਟੇਟਮੈਂਟਾ ਗੁਰਬਾਣੀ ਵਿੱਚ ਮਿਲਦੀਆਂ ਹਨ ਹੋਰ ਕਿਤੇ ਨਹੀਂ ਮਿਲਦੀਆਂ। ਗੁਰਸੇਵਕ ਸਿੰਘ ਨੇ ਦੱਸਿਆ ਸੀ ਕਿ ਬੜੀ ਸੌਖੀ ਜਿਹੀ ਗੱਲ ਹੈ ਕਿ ਤੁਸੀਂ ਜੰਗਲਾਂ 'ਚ ਕੀ ਖੋਜਦੇ ਫਿਰਦੇ ਹੋ, ਜਿਹਨੂੰ ਤੁਸੀਂ ਖੋਜਦੇ ਹੋ ਉਹ ਤਾਂ ਤੁਹਾਡੇ ਨਾਲ ਹੀ ਹੈ। ਜਦੋਂ ਤੁਹਾਡਾ ਹੰਕਾਰ ਖ਼ਤਮ ਹੋ ਗਿਆ, ਜਦੋਂ ਤੁਹਾਡੀ ਮੈਂ ਖ਼ਤਮ ਹੋ ਗਈ, ਉਦੋਂ ਤੁਹਾਨੂੰ ਮਿਲ ਜਾਵੇਗਾ। ਆਪਣੇ ਅਤੇ ਪ੍ਰਮਾਤਮਾ ਦੇ ਵਿਚ ਇਹ ਹੰਕਾਰ ਦਾ ਪਰਦਾ ਪਿਆ ਹੋਇਆ ਹੈ। ਜਿੰਨਾ ਚਿਰ ਇਹ 'ਮੈਂ' ਖ਼ਤਮ ਨਹੀਂ ਹੁੰਦੀ ਸ਼ਾਇਦ ਇਹ ਸ਼ਬਦ ਕਬੀਰ ਜੀ ਦਾ ਹੈ 'ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ॥'

ਸਿੱਖੀ ਦੀ ਸ਼ੁਰੂਆਤ ਜਦੋਂ ਆਪਾਂ ਇੱਥੋਂ ਕਰਦੇ ਹਾਂ ਕਿ ਸਭ ਕਰਨ ਕਰਾਉਣ ਵਾਲਾ ਤੂੰ ਹੀ ਹੈਂ, ਤੇ ਮੇਰੇ ਕੀਤਿਆਂ ਕੁਝ ਨਹੀਂ ਹੁੰਦਾ। ਜੋ ਤੂੰ ਕਰਦਾ ਹੈ, ਉਹੀ ਹੁੰਦਾ ਹੈ। ਤੂੰ ਤੂੰ ਕਰਦਿਆਂ ਮੈਂ ਤੇ ਤੂੰ ਵਿੱਚ ਸਾਰਾ ਫਰਕ ਹੀ ਮਿੱਟ ਜਾਂਦਾ ਹੈ। ਇਸ ਸੰਸਾਰ ਵਿੱਚ ਤੇਰੇ ਬਿਨਾਂ ਹੋਰ ਕੋਈ ਹੈ ਹੀ ਨਹੀਂ। ਉਹ ਅਵਸਥਾ ਇਹ ਨਹੀਂ ਕਿ ਮੈਨੂੰ ਪ੍ਰਾਪਤ ਹੋ ਗਈ ਹੈ, ਸਾਧੂਆਂ ਦੇ ਸੰਤਾਂ ਦੇ ਸਤਿਗੁਰਾਂ ਦੇ ਦਰਸ਼ਨ ਕਰਨ ਨਾਲ ਜੇ ਉਹ ਅਵਸਥਾ ਪ੍ਰਾਪਤ ਹੋ ਜਾਵੇ, ਉਹਦਾ ਆਨੰਦ ਲੈਣ ਨੂੰ ਸਾਡਾ ਜੀਅ ਜ਼ਰੂਰ ਕਰੇ। ਅਸੀਂ ਉਸ ਰਸਤੇ ਤੇ ਤੁਰ ਕੇ ਉਨ੍ਹਾਂ ਦੀਆਂ ਗੱਲਾਂ ਕਰਕੇ ਇਹ ਅਨੰਦ ਲੈ ਲੈਂਦੇ ਹਾਂ। ਗੁਰਸੇਵਕ ਸਿੰਘ ਤੋਂ ਪਹਿਲਾਂ ਕਿਰਪਾਲ ਸਿੰਘ, ਯੂ.ਕੇ. ਤੋਂ ਬੋਲਿਆ ਹੈ। ਕਿਰਪਾਲ ਸਿੰਘ ਵੀ ਸੱਚੇ ਪਾਤਸ਼ਾਹ ਦਾ ਵਰੋਸਾਇਆ ਹੋਇਆ, ਉਨ੍ਹਾਂ ਦੇ ਬਾਗ਼ ਦਾ ਇੱਕ ਬੜਾ ਪਿਆਰਾ ਫੁੱਲ ਹੈ। ਸੱਚੇ ਪਾਤਸ਼ਾਹ ਨੇ ਕਿਸ ਤੋਂ ਕੀ ਕੰਮ ਲੈਣਾ ਹੈ ਇਹ ਉਹ ਹੀ ਜਾਣਦੇ ਹਨ। ਇਹਨੂੰ ਇੰਗਲੈਂਡ ਤੋਂ ਲਿਆ ਕੇ ਉਹਨੂੰ ਸੰਗੀਤ ਸਿਖਾਇਆ ਅੱਜ ਜੇ ਕਹਿ ਲਵਾਂ ਕਿ ਉਹਦੇ ਵਰਗੀ ਤਾਰ ਸ਼ਹਿਨਾਈ ਵਜਾਉਣ ਵਾਲਾ ਦਿਲਰੁਬਾ ਵਜਾਉਣ ਵਾਲਾ ਸ਼ਾਇਦ ਸਿੱਖ ਜਗਤ ਵਿੱਚ ਕੋਈ ਨਾ ਹੋਵੇ ਤੇ


ਕੋਈ ਗਲਤ ਗੱਲ ਨਹੀਂ ਹੋਵੇਗੀ। ਸੱਚੇ ਪਾਤਸ਼ਾਹ ਜੀ ਨੇ ਕ੍ਰਿਪਾ ਕਰਕੇ ਇਹ ਕੰਮ ਲਿਆ ਹੈ। ਸੱਚੇ ਪਾਤਸ਼ਾਹ ਜੀ ਇਸੇ ਤਰ੍ਹਾਂ ਕ੍ਰਿਪਾ ਰੱਖਣ, ਉਹ ਚੰਗਾ ਕਲਾਕਾਰ ਹੁੰਦਾ ਹੋਇਆ ਨਾਲ ਇੱਕ ਚੰਗਾ ਗੁਰਸਿੱਖ ਹੈ।

ਵੈਰਾਗ ਬੜਾ ਵੱਡਾ ਸ਼ਬਦ ਹੈ। ਜੇ ਆਪਾਂ ਉਸ ਪਾਸੇ ਨੂੰ ਤੁਰੀਏ ਤਾਂ ਵੈਰਾਗ, ਪ੍ਰੇਮ ਹੈ। ਜਿੰਨਾ ਚਿਰ ਤੱਕ ਸਾਡੇ ਅੰਦਰ ਵੈਰਾਗ ਪੈਦਾ ਨਹੀਂ ਹੁੰਦਾ, ਓਨਾ ਚਿਰ ਉਸ ਪਾਸੇ ਤੁਰਨਾ ਔਖਾ ਹੋ ਜਾਂਦਾ ਹੈ। ਇੱਥੇ ਬੈਠਿਆਂ ਬੈਠਿਆਂ ਅੱਜ ਮੈਂ ਸੋਚਦਾ ਸੀ ਕਿ ਕੋਈ ਕਹਿੰਦਾ ਹੈ ਕਿ ਕਰਾਮਾਤ ਦਿਖਾਓ। ਕਰਾਮਾਤ ਨਹੀਂ ਹੁੰਦੀ। ਕਰਾਮਾਤਾਂ ਤੇ ਰੋਜ਼ ਹੀ ਹੁੰਦੀਆਂ ਨੇ, ਸਾਡੀ ਵੇਖਣ ਵਾਲੀ ਅੱਖ ਨਹੀਂ ਹੈ। ਸਾਡਾ ਹੰਕਾਰ ਸਾਨੂੰ ਵੇਖਣਾ ਨਹੀਂ ਦੇਂਦਾ। ਸਾਡੇ ਮਨ ਵਿਚ ਉਹੀ ਆ ਜਾਂਦਾ, ਮੈਂ ਕੀਤਾ, ਮੈਂ ਕਰਾਂਗਾ, ਜੇ ਸਾਡੇ ਮਨ ਵਿੱਚ ਨਿਰਮਾਣਤਾ ਆ ਜਾਵੇ, ਮੈਂ ਕਰਨ ਵਾਲਾ ਕੌਣ ਹਾਂ, ਮੈਨੂੰ ਤੇ ਇਹ ਵੀ ਨਹੀਂ ਪਤਾ ਕਿ ਮੈਂ ਵਾਪਸ ਘਰੇ ਪਹੁੰਚਣਾ ਹੈ ਜਾਂ ਨਹੀਂ। ਮੈਨੂੰ ਇਹ ਵੀ ਨਹੀਂ ਪਤਾ ਕਿ ਮੈਂ ਸ਼ਾਮ ਦੀ ਰੋਟੀ ਖਾਣੀ ਹੈ ਜਾਂ ਨਹੀਂ। ਜਦੋਂ ਦੁੱਖ ਦੀ ਘੜੀ ਆਉਂਦੀ ਹੈ, ਉਦੋਂ ਸਾਨੂੰ ਯਾਦ ਆਉਂਦਾ ਹੈ। ਸਾਡੇ ਵੱਸ ਵਿੱਚ ਕੁਝ ਨਹੀਂ ਹੈ। ਅਸੀਂ ਉਸ ਨੂੰ ਭੁੱਲੇ ਹੁੰਦੇ ਹਾਂ। ਇਸ ਲਈ ਸਾਨੂੰ ਕਰਾਮਾਤ ਦਿਸਦੀ ਨਹੀਂ, ਕਰਾਮਾਤ ਹਰ ਘੜੀ, ਹਰ ਵੇਲੇ ਵਾਪਰ ਰਹੀ ਹੈ। ਗੁਰਸੇਵਕ ਸਿੰਘ ਗੱਲ ਕਰਦਾ ਸੀ ਕਿ ਕਿਸੇ ਨੂੰ ਰਾਜੇ ਤੋਂ ਰੰਕ ਬਣਾ ਦਿੰਦਾ ਹੈ, ਕਿਸੇ ਨੂੰ ਰੰਕ ਤੋਂ ਰਾਜਾ ਬਣਾ ਦਿੰਦਾ ਹੈ, ਤੁਹਾਡੇ ਸਾਹਮਣੇ ਹੀ ਹੈ, ਜਦੋਂ ਅਸੀਂ ਮੋਦੀ ਸਾਹਿਬ ਦੀ ਗੱਲ ਕਰਦੇ ਹਾਂ, ਉਹ ਕਹਿੰਦੇ ਮੈਂ ਚਾਹ ਵੇਚਦਾ-ਵੇਚਦਾ ਪ੍ਰਧਾਨਮੰਤਰੀ ਬਣ ਗਿਆ। ਇਸ ਤਰ੍ਹਾਂ ਦੀਆਂ ਉਦਾਹਰਣਾਂ ਤੁਹਾਡੇ ਸਾਹਮਣੇ ਰੋਜ਼ ਵਰਤਦੀਆਂ ਹਨ। ਜਿਹੜੇ ਭੁੱਲ ਜਾਂਦੇ ਹਨ, ਬੜੀ ਵੱਡੀ ਜਗ੍ਹਾ ਤੋਂ ਡਿੱਗ ਕੇ ਉਨ੍ਹਾਂ ਦਾ ਨਾਮ ਹੀ ਨਹੀਂ ਰਹਿੰਦਾ। ਸਾਰਾ ਕੁਝ ਵੇਖਦਿਆਂ ਹੋਇਆਂ ਵੀ ਇਹ ਮਾਇਆ ਇੰਨੀ ਪ੍ਰਬਲ ਹੈ ਕਿ ਅਸੀਂ ਫਿਰ ਸੋਚਦੇ ਹਾਂ ਕਿ ਮੈਂ ਕੀਤਾ ਹੈ, ਮੈਂ ਕਰ ਲਵਾਂਗਾ, ਉਹ ਕਰਨ ਕਰਾਉਣ ਵਾਲਾ, ਉਹ ਦੇਣ ਵਾਲਾ ਭੁੱਲਿਆ ਰਹਿੰਦਾ ਹੈ ਕਿਉਂਕਿ ਉਹ ਰਹਿੰਦਾ ਵੀ ਸਾਡੇ ਨਾਲ ਹੈ, ਕਿਤੇ ਸੱਤਵੇਂ ਅਸਮਾਨ ਵਿੱਚ ਨਹੀਂ। ਉਹ ਸਦਾ ਹੀ ਸਾਡੇ ਨਾਲ ਰਹਿੰਦਾ ਹੈ। ਸੋ ਮੈਂ ਗੱਲ ਕਰ ਰਿਹਾ ਸੀ ਕਿ ਇੱਥੇ ਬੈਠਿਆਂ ਵੀ ਯਾਦ ਆਉਂਦਾ ਹੈ ਕਿ ਅਸੀਂ ਇੱਥੇ ਬੈਠੇ ਹਾਂ, ਇਹ ਵੀ ਕਰਾਮਾਤ ਹੈ।

ਇਹ ਫਾਰਮ ਸ੍ਰੀ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਨੇ 1974 ਵਿੱਚ ਲਿਆ। ਮੈਂ 1982 ਵਿਚ ਇੱਥੇ ਆਇਆ। ਪੁਰਾਣੇ ਸਰੀਰਾਂ ਵਿੱਚੋਂ ਸ਼ਾਇਦ ਹੀ ਕੋਈ ਇੱਥੇ ਹੋਵੇ ਜਿਨ੍ਹਾਂ ਨੇ ਇਹ ਦੇਖਿਆ ਹੈ, ਇੱਥੇ ਕੁਝ ਵੀ ਨਹੀਂ ਸੀ। ਇੱਥੇ ਸ਼ਾਮ ਦੀ ਰੋਟੀ ਦਾ ਵੀ ਪਤਾ ਨਹੀਂ ਸੀ, ਮਿਲੂ ਕੇ ਨਹੀਂ। ਕਿਸੇ ਵੇਲੇ ਪੰਜਾਬ ਤੋਂ ਕਣਕ ਨਾ ਆਉਣੀ ਤੇ ਰਾਗੀ ਲੈ ਕੇ ਉਹਦਾ ਆਟਾ ਗੁੰਨ ਕੇ ਰੋਟੀ ਪਕਾਉਣੀ, ਇੱਥੇ ਆਉਣ ਨੂੰ ਕੋਈ ਤਿਆਰ ਨਹੀਂ ਸੀ। ਇਹ ਸੀ ਕਿ ਇਹ ਜਗ੍ਹਾ ਜਿੰਨੀ ਜਲਦੀ ਹੋ ਸਕੇ ਵੇਚ ਕੇ ਇੱਥੋਂ ਨਿਕਲ ਜਾਈਏ, ਤੇ ਕੀ ਇਹ ਕਰਾਮਾਤ ਨਹੀਂ? ਜੋ ਸੁੱਖ ਅੱਜ ਇਥੇ ਅਸੀਂ ਲੈ ਰਹੇ ਹਾਂ। ਇੱਥੇ ਨਾਮ ਸਿਮਰਨ ਹੋ ਰਿਹਾ ਹੈ। ਇੱਥੇ ਬੈਠੇ ਹਰਿ ਜਸ ਕਰ ਰਹੇ ਹਾਂ। ਇਹ ਵੀ ਕਰਾਮਾਤ ਹੈ, ਪਰ ਮਾਇਆ ਵਿੱਚ ਅਸੀਂ ਫਿਰ ਭੁੱਲ ਜਾਂਦੇ ਹਾਂ। ਜਿਸ ਰੂਪ ਵਿੱਚ ਉਨ੍ਹਾਂ ਨੇ ਆ ਕੇ ਕਰਾਮਾਤ ਕੀਤੀ ਹੈ, ਉਹ ਰੂਪ ਸਾਰੇ ਹੀ ਉਸ ਦੇ ਹਨ, ਉਸ ਸਰੂਪ ਨੂੰ ਇੱਕ ਵਾਰ ਨਮਸਕਾਰ ਕਰਦੇ ਹੋਏ ਸਾਰੇ ਹੀ ਇਕ ਵਾਰੀ ਫੇਰ ਆਖੀਏ ਧੰਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ, ਤੇ ਨਾਲ ਹੀ ਬੇਨਤੀ ਕਰੀਏ ਸੱਚੇ ਪਾਤਸ਼ਾਹ ਤੂੰ ਸਾਨੂੰ ਭੁੱਲੇ ਨਾ ਇਹ ਵੀ ਅਸੀਂ ਮਾਣ ਨਹੀਂ ਕਰ ਸਕਦੇ ਕਿ ਅਸੀਂ ਨਾਮ ਸਿਮਰਨ ਕਰਦੇ ਹਾਂ, ਕੀ ਅਸੀਂ ਇੱਥੇ ਬੈਠੇ (ਸੰਗਤ ਰੂਪ ਵਿੱਚ) ਇਕੱਠੇ ਹੋ ਰਹੇ ਹਾਂ। ਜਦੋਂ ਉਹ ਕਿਰਪਾ ਕਰਦਾ ਹੈ, ਉਦੋਂ ਹੀ ਬਖ਼ਸ਼ਿਸ਼ ਹੁੰਦੀ ਹੈ। ਉਹਦਾ ਹਰ ਜਸ ਵੀ ਉਹਦੀ ਕਿਰਪਾ ਦੇ ਨਾਲ ਹੀ ਹੁੰਦਾ ਹੈ। ਆਪਾਂ ਮੰਗ ਤੇ ਸਕਦੇ ਹਾਂ, ਸੱਚੇ ਪਾਤਸ਼ਾਹ ਸਾਡੇ ਕੋਲੋਂ ਉਹ ਕੰਮ ਕਰਵਾ ਜਿਹੜਾ ਤੈਨੂੰ ਚੰਗਾ ਲੱਗੇ। ਸੱਚੇ ਪਾਤਸ਼ਾਹ ਅਸੀਂ ਤੇਰੀ ਸਿੱਖੀ ਤੇ ਚੱਲ ਕੇ ਅਸੀਂ ਵੀ ਸੁਖੀ ਹੋ ਸਕੀਏ। ਅਸੀਂ ਵੀ ਆਨੰਦ ਲੈ ਸਕੀਏ। ਸਾਡੀ ਉਹ ਅਵਸਥਾ ਹੋ ਸਕੇ ਕਿ ਅਸੀਂ ਸਦਾ ਹੀ ਖੁਸ਼ ਰਹਿ ਸਕੀਏ। ਜੇ ਤੁਹਾਡੇ ਅੰਦਰ ਖ਼ੁਸ਼ੀ ਹੋਵੇਗੀ, ਜੋ ਤੁਹਾਡੇ ਕੋਲ ਬਹਿਣਗੇ, ਉਹ ਵੀ ਉਸ ਖ਼ੁਸ਼ੀ ਨਾਲ, ਉਸ ਆਨੰਦ ਨਾਲ ਜੁੜ ਜਾਣਗੇ। ਆਪਾਂ ਆਨੰਦ ਸਾਹਿਬ ਰੋਜ਼ ਪੜ੍ਹਦੇ ਹਾਂ, ਤੁਸੀਂ ਰੋਜ਼ ਆਨੰਦ ਸਾਹਿਬ ਸੁਣਦੇ ਹੋ, 'ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਇਆ' ਅਸਲੀ ਆਨੰਦ ਕਦੇ ਸਾਨੂੰ ਵੀ ਪ੍ਰਾਪਤ ਹੋਵੇ, ਆਪਾਂ ਘੱਟੋ-ਘੱਟ ਅਰਦਾਸ ਵਿੱਚ ਮੰਗੀਏ ਤੇ ਸਹੀ, ਉਹ ਸਦਾ ਆਨੰਦ ਰਹਿਣ ਵਾਲੀ ਅਵਸਥਾ ਨੂੰ। ਅਸੀਂ ਰੋਜ਼ ਬਹੁਤ ਕੁਝ ਮੰਗਦੇ ਹਾਂ, ਸਾਡੀਆਂ ਮੰਗਾਂ ਕਦੇ ਪੂਰੀਆਂ ਹੁੰਦੀਆਂ ਹੀ ਨਹੀਂ। ਜਦੋਂ ਸਾਡੀ ਸਾਰੀ ਭੁੱਖ ਲਹਿ ਜਾਂਦੀ ਹੈ, ਉਹ ਵਸਤਾਂ ਅਸੀਂ ਸਤਿਗੁਰੂ ਜੀ ਤੋਂ ਮੰਗੀਏ, ਉਨ੍ਹਾਂ ਦੇ ਨਾਮ ਵਰਗਾ, ਉਨ੍ਹਾਂ ਦੀ ਗੁਰਬਾਣੀ ਦੇ ਵਰਗਾ ਇਸ ਦੁਨੀਆਂ ਦੇ ਵਿੱਚ ਹੋਰ ਕੋਈ ਚੀਜ਼ ਨਹੀਂ, ਸੋ ਇਹ ਬੇਨਤੀ ਹੋਵੇ, ਤੁਹਾਡੇ ਸਾਰਿਆਂ ਕੋਲ ਬੇਨਤੀ ਹੈ, ਜਿਨ੍ਹਾਂ ਦੀ ਕਿਰਪਾ ਦੇ ਨਾਲ ਇੱਥੇ ਬੈਠੇ ਹਾਂ, ਨਿਊਜ਼ੀਲੈਂਡ ਦੀ ਸੰਗਤ ਦੇ ਵਾਸਤੇ ਵੀ ਉਨ੍ਹਾਂ ਦੇ ਦਿੱਤੇ ਹੋਏ ਨਾਮ ਨਾਲ ਇਸ ਗੁਰਬਾਣੀ ਨਾਲ ਆਪ ਜੁੜ ਕੇ ਆਪਣੇ ਬੱਚਿਆਂ ਨੂੰ ਜੋੜੇ। ਆਪਾਂ ਵੀ ਸੁਖੀ ਰਹੀਏ ਤੇ ਉਹ ਆਨੰਦ ਦੂਜਿਆਂ ਨੂੰ ਵੰਡ ਸਕੀਏ, ਏਨੀਆਂ ਅਰਜ਼ਾਂ ਕਰਕੇ ਆਗਿਆ ਲੈਨਾ।

ਸਤਿ ਸ੍ਰੀ ਅਕਾਲ

# ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਵਿਵਹਾਰਕ ਪੱਖ



**ਪ੍ਰੀਤਮ ਸਿੰਘ 'ਕਵੀ'**

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਨ ਆਕਰਸ਼ਕ ਅਤੇ ਲਾਮਿਸਾਲ ਸ਼ਖ਼ਸੀਅਤ ਦੇ ਮਾਲਕ ਸਨ। ਉਨ੍ਹਾਂ ਦੇ ਜੀਵਨ ਵਿੱਚ ਦਾਖਲੇ ਨਾਲ ਹੀ ਉਨ੍ਹਾਂ ਦੀ ਜਨਮ ਨਗਰੀ ਤੋਂ ਬੇਕਿਰਕ ਤੇ ਬੇਤਰਸ ਬਰਤਾਨਵੀ ਸਰਕਾਰ ਦੀ ਪੁਲਿਸ ਚੌਂਕੀ ਨੂੰ ਡੇਰਾ ਡੰਡਾ ਕੂਚ ਕਰਨਾ ਪਿਆ। ਇਹ ਪ੍ਰਤਾਪ-ਸੂਰਜ ਜਿਉਂ-ਜਿਉਂ ਜ਼ਿੰਦਗੀ ਦੀਆਂ ਪ੍ਰਭਾਤਾਂ ਨੂੰ ਨਵੀਂ ਲਾਲੀ ਦਿੰਦਾ ਗਿਆ, ਤਿਉਂ-ਤਿਉਂ ਇਸ ਦੀ ਪ੍ਰਚੰਡਤਾ ਨੇ ਦੁਸ਼ਟਾਂ ਨੂੰ ਸੇਕ ਤੇ ਭਲੇ ਲੋਕਾਂ ਨੂੰ ਨਿੱਘ ਪਹੁੰਚਾਇਆ। ਸੋਲਾਂ ਸਾਲਾਂ ਅੱਲ੍ਹੜ ਉਮਰੇ ਨਾਮਧਾਰੀਆਂ ਵਰਗੇ ਵਿਦੇਸ਼ੀ ਸਰਕਾਰ ਵਿਰੋਧੀ ਸਮਾਜ ਦੀ ਵਾਗਡੋਰ ਸੰਭਾਲਣੀ ਕੋਈ ਸਾਧਾਰਨ ਖੇਡ ਨਹੀਂ ਸੀ। ਕਮਾਲ ਦੀ ਦੂਰਦਰਸ਼ਤਾ, ਸਿਰੇ ਦੇ ਸਿਰੜ, ਫੌਲਾਦੀ ਵਿਸ਼ਵਾਸ, ਸਾਗਰ ਜੇਹੀ ਹਿਰਦੇ ਵਿਸ਼ਾਲਤਾ ਅਤੇ ਅਤਿ ਮਿਲਾਪੜੀ ਤਬੀਅਤ ਨੇ ਦੋਸਤ-ਦੁਸ਼ਮਨ ਸਭ ਦੇ ਮੂੰਹੀ ਉਂਗਲਾਂ ਪੁਆ ਦਿਤੀਆਂ। ਹਰ ਕੋਈ ਇਸ ਬਾ-ਕਮਾਲ ਸ਼ਖਸੀਅਤ ਦਾ ਜਾਦੂ ਮੰਨਦਾ ਸੀ।

ਸਤਿਗੁਰੂ ਪ੍ਰਤਾਪ ਸਿੰਘ ਜੀ ਸਾਡੇ ਪਾਸ ਬੀਤੇ ਸਤਿਗੁਰੂਆਂ ਦੀ ਜਿਉਂਦੀ ਮਿਸਾਲ ਸਨ। ਅਸਾਂ ਉਨ੍ਹਾਂ ਦੇ ਕਰਦਾਰ ਤੋਂ ਪਹਿਲੇ ਸਤਿਗੁਰੂਆਂ ਦੇ ਜੀਵਨ ਵਿੱਚ ਝਾਤ ਪਾਈ। ਤਰਵੰਜਾਂ ਸਾਲ ਦੀਨ ਦਿਆਲ ਜੀ ਨੇ ਨਾਮਧਾਰੀ ਜਗਤ ਦੀ ਰਾਹਨੁਮਾਈ ਕੀਤੀ, ਰਾਜਨੀਤਕ ਮੈਦਾਨ ਵਿਚ ਰਾਜਸੀ ਖਿਡਾਰੀਆਂ ਨੂੰ ਮਿਲੇ- ਪ੍ਰਭਾਵਿਤ ਕੀਤਾ, ਪ੍ਰੇਮ ਲਿਆ, ਸਾਥ ਦਿੱਤਾ। ਬਿਨਾਂ ਸੰਕਚ, ਬੇਗ਼ਰਜ਼ ਸਹਾਇਤਾ ਕੀਤੀ। ਪਹਿਲੇ ਸਤਿਗੁਰੂਆਂ ਵਾਲੀਆਂ ਸਾਰੀਆਂ ਰਵਾਇਤਾਂ ਨੂੰ ਸੁਰਜੀਤ ਰੱਖਿਆ। ਉਨ੍ਹਾਂ ਸਮਾਜ ਸੁਧਾਰ ਦੇ ਦ੍ਰਿੜ੍ਹਤਾ ਨਾਲ ਕੁਝ ਫੈਸਲੇ ਲਏ ਤੇ ਹਰ ਪੱਖੋਂ ਉਨ੍ਹਾਂ ਨੂੰ ਕਾਇਮ ਰੱਖਿਆ। ਉਨ੍ਹਾਂ ਦੇਸ਼ ਉਸਾਰੀ ਵਿਚ ਉੱਘਾ ਹਿੱਸਾ ਪਾਇਆ ਤੇ ਸਰਕਾਰੀ ਅਧਿਕਾਰੀਆਂ ਨੂੰ ਸਪੱਸ਼ਟ ਦੱਸ ਦਿੱਤਾ ਕਿ ਥੋੜ੍ਹੇ ਵਿੱਚ ਬਹੁਤ ਕੁਝ ਕਿਵੇਂ ਕੀਤਾ ਜਾ ਸਕਦਾ ਹੈ। ਆਰਥਿਕ ਪੱਖੋਂ ਉਨ੍ਹਾਂ ਨਾਮਧਾਰੀ ਜਨਤਾ ਨੂੰ ਪਹਿਲੇ ਸਮਿਆਂ ਤੋਂ ਕਿਤੇ ਉਚੇਰਿਆਂ ਕਰ ਦਿੱਤਾ। ਜੀਵਨ ਨਗਰ ਇਲਾਕੇ ਨੂੰ ਆਬਾਦ ਕਰਾ ਕੇ ਉਨ੍ਹਾਂ ਪਹਿਲੇ ਸਮੂਹ ਸਤਿਗੁਰੂਆਂ ਦੇ ਸਿਖਾਂ ਸੰਬੰਧੀ ਪ੍ਰੇਮ ਅਤੇ ਜ਼ਿੰਮੇਵਾਰੀਆਂ ਨੂੰ ਅਗਾਂਹ ਵਧਾ ਕੇ ਵਖਇਆ।

ਉਨ੍ਹਾਂ ਦੇ ਜੀਵਨ ਦੇ ਵੱਖ-ਵੱਖ ਪੱਖਾਂ ਤੇ ਕੁਝ ਕਹਿਣਾ ਜਾਂ ਲਿਖਣਾ ਤਾਂ ਬਹੁਤ ਵੱਡਾ ਕੰਮ ਹੈ। ਬਹੁਤ ਵੱਡੇ ਤੇ ਲੱਖਾਂ ਆਦਮੀਆਂ ਤੇ ਰੂਹਾਨੀ ਪ੍ਰਭਾਵ ਪਾਉਣ ਵਾਲੇ ਸਤਿਗੁਰੂ ਜੀ ਜ਼ਿੰਦਗੀ ਨੂੰ ਜਿੰਨਾ ਸਪੱਸ਼ਟ ਵੇਖ ਸਕੇ, ਏਨਾ ਹੋਰ ਕੋਈ ਵਿਰਲਾ ਹੀ ਤੱਕ ਸਕਿਆ। ਆਪਣੇ ਇਸ ਪੱਖ ਦੀ ਪੁਸ਼ਟੀ ਲਈ ਮੈਂ ਕੁਝ ਕੁ ਉਦਾਹਰਣ ਦੇਣਾ ਚਾਹਾਂਗਾ ਤਾਕਿ ਅਸੀਂ ਆਪਣੇ ਸਮੇਂ ਦੇ ਮਹਾਨ ਸਤਿਗੁਰੂ ਦੀ ਪ੍ਰਤਿਭਾ ਨੂੰ ਥੋੜ੍ਹਾ-ਬਾਹਲਾ ਸਮਝ ਸਕੀਏ।

ਸਤਿਗੁਰੂ ਜੀ ਨੇ ਧਰਮ-ਕਰਮ ਨੂੰ ਏਨਾ ਆਡੰਬਰਹੀਨ ਰੱਖਿਆ ਤੇ ਰਖਾਇਆ ਕਿ ਇਹ ਬੜੀ ਸਾਦਗੀ ਨਾਲ ਸਾਰੇ ਮਨੁੱਖਾ ਜੀਵਨ ਤੇ ਆਪਣਾ ਪ੍ਰਭਾਵ ਪਾ ਸਕੇ, ਪਰ ਜ਼ਿੰਦਗੀ ਦੀ ਜਦੋਜਹਿਦ ਵਿੱਚ ਇਹ ਰੋਕ ਨਾ ਬਣੇ। ਇਸੇ ਕਾਰਨ ਆਪ ਜੀ ਨੇ ਧਰਮ-ਕਰਮ ਦਾ ਸਮਾਂ ਸੂਰਜ ਦੇ ਚੜ੍ਹਾਅ ਤੋਂ ਪਹਿਲਾਂ ਅਤੇ ਛੁਪਾਅ ਤੋਂ ਪਿਛੋਂ ਰੱਖਿਆ। ਜੀਵਨ ਸੰਗਰਾਮ ਵਿਚ ਜੂਝਦੇ ਆਮ ਲੋਕਾਂ ਨੂੰ ਥੋੜੇ ਤੋਂ ਥੋੜਾ ਸਮਾਂ ਇਕਾਂਤ ਬੈਠਕ ਦੇਣ ਲਈ ਸ੍ਰੀ ਸਤਿਗੁਰੂ ਜੀ ਨੇ ਇਕ ਘੰਟਾ ਨਾਮ ਸਿਮਰਨ ਦੀ ਪਰਿਪਾਟੀ ਚਲਾਈ। ਦੀਨ ਦਿਆਲ ਕਿਹਾ ਕਰਦੇ ਕਿ ਇਕ ਘੰਟੇ ਦੀ ਆਤਮ-ਸਿਮਰਨ ਇਕਾਗਰਤਾ ਸਾਰੇ ਦਿਨ ਲਈ ਪੂੰਜੀ ਦਾ ਕੰਮ ਕਰਦੀ ਹੈ। ਉਹ ਆਪ ਵੀ ਆਸਾ ਦੀ ਵਾਰ ਦਾ ਕੀਰਤਨ, ਆਪਣਾ ਨਿਜ ਦਾ ਨਿਤਨੇਮ ਸੂਰਜ ਦੀ ਟਿੱਕੀ ਨਾਲ ਸਮਾਪਤ ਕਰਕੇ ਮੁੜ ਰੋਜ਼ਾਨਾ ਵਿਹਾਰਾਂ ਵਿਚ ਪਰਵਿਰਤ ਹੋ ਜਾਂਦੇ। ਆਪ ਜੀ ਦਾ ਫ਼ਰਮਾਨ ਸੀ ਕਿ ਸਿਮਰਨ ਤਾਂ ਪ੍ਰਮੇਸ਼ਰ ਦਾ ਅੱਠੇ ਪਹਿਰ ਸਾਡੇ ਮਨ ਵਿਚ ਹੋਣਾ ਚਾਹੀਦਾ ਹੈ, ਕਿਉਂਕਿ ਇਸੇ ਸਿਮਰਨ ਦੇ ਸਹਾਰੇ ਅਸੀਂ ਜੀਵਨ ਵਿਚ ਵਾਪਰਦੀਆਂ ਘਟਨਾਵਾਂ ਨੂੰ ਦਰੁਸਤ ਨਜ਼ਰ ਨਾਲ ਵੇਖ ਸਕਦੇ ਹਾਂ, ਪਰ ਸਾਰੇ ਦਿਨ ਦਾ ਭਜਨ-ਬਾਣੀ ਬਿਹੰਗਮਾਂ ਲਈ ਹੀ ਲੋੜੀਂਦਾ ਹੈ ਜਿਨ੍ਹਾਂ ਨੂੰ ਗ੍ਰਿਸਤ ਦੇ ਧੰਧਿਆਂ ਤੋਂ ਨਿਰੀ ਵਿਹਲ ਮਿਲੀ ਹੋਈ ਹੁੰਦੀ ਹੈ।

ਨਾਮਧਾਰੀਆਂ ਦੇ ਸ਼ੁੱਧ ਪਹਿਰਾਵੇ ਵਿਚ ਰਤਾ ਭਰ ਵੀ ਵਾਧੂ ਮੀਨ-ਮੇਖ ਨੂੰ ਆਪ ਪਸੰਦ ਨਹੀਂ ਸਨ ਕਰਦੇ। ਗਲ ਵਿਚ ਲੰਮਾ ਚੋਗਾ, ਸਿਰ ਤੇ ਖਿਲਾਰਵੀਂ ਪਗੜੀ ਜਾਂ ਕਾਲੇ ਪੀਲੇ ਉਚੇਚੇ ਬਸਤਰ ਨੂੰ ਆਪ 'ਦਿਖਾਵਾ' ਦਸਦੇ ਤੇ ਉਪਦੇਸ਼ ਕਰਦੇ ਕਿ

ਆਡੰਬਰ ਏਸ ਯਕੀਨ ਵਿਚੋਂ ਨਿਕਲਦਾ ਹੈ ਕਿ ਦਰਸ਼ਕ ਨੂੰ ਨਜ਼ਰ ਪੈਂਦੀ ਸ਼ਖ਼ਸੀਅਤ ਦੂਜਿਆਂ 'ਚੋਂ ਉਚਰੀ ਭਾਸੇ।

ਸ਼ੁਰੂ ਜਵਾਨੀ ਵਿਚ ਭੈਣੀ ਸਾਹਿਬ ਰਹਿੰਦਿਆਂ ਇਕੇਰਾਂ ਮੈਂ ਏਨਾ ਪ੍ਰਭੂ ਲਗਨ ਵਾਲਾ ਬਣ ਗਿਆ ਕਿ ਮੇਰੀ ਕਾਇਆ ਅਸਲੋਂ ਕਮਜ਼ੋਰ ਹੋ ਗਈ ਅਤੇ ਇਕ ਫੁੱਟ ਉਚੇ ਥੜ੍ਹੇ 'ਤੇ ਚੜ੍ਹਨ ਲਈ ਵੀ ਗੋਡਿਆਂ ਤੇ ਹੱਥ ਰਖਣਾ ਪੈਂਦਾ। ਸਤਿਗੁਰੂ ਜੀ ਨੇ ਮੇਰੀ ਕਮਜ਼ੋਰੀ ਨੂੰ ਤਾੜ ਕੇ ਬਚਨ ਕੀਤਾ - 'ਕੋਈ ਵੀ ਅਜਿਹੀ ਲਗਨ ਜੀਵਨ ਵਿੱਚ ਦਰਕਾਰ ਨਹੀਂ ਜੋ ਸਾਨੂੰ ਤੁਰਨੋ ਫਿਰਨੋ ਲਾਚਾਰ ਕਰ ਦੇਵੇ। ਜਿਊਂਦੇ ਰਹਿਣ ਤੇ ਕੰਮ ਕਰਨ ਲਈ ਨਰੋਏ ਸਰੀਰ ਤੇ ਨਰੋਏ ਵਿਚਾਰਾਂ ਦੀ ਹਮੇਸ਼ਾਂ ਲੋੜ ਹੈ।' ਉਹਨਾਂ ਸਿੱਖੀ ਦੀ ਮਹਾਨਤਾ ਇਹ ਸ਼ਲੋਕ ਕਹਿ ਕੇ ਵਿਅਕਤ ਕੀਤੀ :

ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ॥<br>
ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ<br>
ਵਿਚੇ ਹੋਵੈ ਮੁਕਤਿ॥

ਸ੍ਰੀ ਜੀਵਨ ਨਗਰ ਕੋਠੀ ਵਿਚ ਬੈਠਿਆਂ ਸ੍ਰੀ ਸਤਿਗੁਰੂ ਜੀ ਮਨੁੱਖਾ ਦੇਹੀ ਦੀ ਉੱਤਮਤਾ ਸਮਝਾ ਰਹੇ ਸਨ। ਆਪ ਨੇ ਕਿਹਾ :

'ਸੰਸਾਰ ਦੀਆਂ ਉੱਤਮ ਤੋਂ ਉੱਤਮ ਚੀਜ਼ਾਂ ਵਿਚੋਂ ਨੰਬਰ ਇਕ ਮਨੁੱਖਾ ਸਰੀਰ ਹੈ।' ਕੋਲ ਬੈਠੇ ਸੰਤ ਆਲਾ ਸਿੰਘ ਜੀ ਛੇਤੀ ਨਾਲ ਬੋਲ ਉਠੇ :

'ਸੱਚੇ ਪਾਤਸ਼ਾਹ, ਨਾਮ ਤੋਂ ਵੀ ?'

ਸਤਿਗੁਰੂ ਜੀ ਫੈਸਲਾ ਦਿੱਤਾ - "ਠੀਕ ਨਾਮ ਅਤੀ ਉੱਤਮ ਹੈ, ਪਰ ਜੇ ਸਰੀਰ ਹੀ ਨਾ ਹੋਵੇ ਤਾਂ ਬੰਦਾ ਨਾਮ ਕੀ ਜਪੇ?"

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਰੀਰਕ ਮਹਾਨਤਾ ਨੂੰ ਗੰਭੀਰਤਾ ਨਾਲ ਸਮਝਦਿਆਂ ਹੋਇਆਂ ਹੀ ਕੁਛ ਅਜਿਹੇ ਨਿਯਮ ਜੀਵਨ ਪਰਯੰਤ ਨਿਬਾਹੇ ਜਿਨ੍ਹਾਂ ਨਾਲ ਉਨ੍ਹਾਂ ਦੀ ਸਰੀਰਕ ਸ਼ਕਤੀ ਨੂੰ ਕਦੇ ਤੋਟ ਨਾ ਆਈ।

ਸ੍ਰੀ ਜੀਵਨ ਨਗਰ ਵਿਚ ਹੀ, ਇਕ ਗਰਮੀ ਦੀ ਰੁੱਤੇ, ਦੁਪਹਿਰੇ ਸਾਂਝੇ ਨਿਤਨੇਮ ਤੋਂ ਬਾਅਦ ਮੈਂ ਦੀਨ ਦਿਆਲ ਜੀ ਦੀ ਸੇਵਾ ਵਿਚ ਬੈਠਾ ਸਾਂ ਕਿ ਰਾਣੀਆਂ ਠਾਣੇ ਦੇ ਇਕ ਠਾਣੇਦਾਰ ਨੇ ਪੰਜ ਮਿੰਟ ਲਈ ਦਰਸ਼ਨ ਚਾਹੇ। ਉਸਦੇ ਚਲੇ ਜਾਣ ਬਾਅਦ ਸਤਿਗੁਰੂ ਜੀ ਨੇ ਮੈਨੂੰ ਸੰਬੋਧਨ ਕੀਤਾ - ਇਹ ਠਾਣੇਦਾਰ ਭਲੀ ਗੁਜ਼ਾਰਨ ਵਾਲਾ ਨਹੀਂ, ਸਾਡੇ ਵਾਸਤੇ ਵਿਰੋਧ ਇਸ ਤੋਂ ਅਵੱਸ਼ ਹੋਵੇਗਾ।

ਤੇ ਅਸਾਂ ਵੇਖਿਆ ਕਿ ਸੱਚਮੁਚ ਹੀ ਇਸ ਨੇ ਕੁਛ ਸਮਾਂ ਨਾਮਧਾਰੀਆਂ ਵਾਸਤੇ ਸਰਕਾਰੀ ਅਧਿਕਾਰਾਂ ਦੀ ਰੱਜ ਕੇ ਕੁਵਰਤੋਂ ਕੀਤੀ।

ਉਹਨਾਂ ਦੀ ਦੂਰ-ਗਾਮੀ ਦ੍ਰਿਸ਼ਟੀ ਤੋਂ ਸਾਊ ਅਤੇ ਸ਼ੈਤਾਨ ਆਪਣੇ ਆਪ ਨੂੰ ਲੁਕਾ ਕੇ ਨਹੀਂ ਰੱਖ ਸਕੇ। ਉਨ੍ਹਾਂ ਦੇ ਵੱਖ-ਵੱਖ ਮਨੁੱਖਾਂ ਦੀਆਂ ਖਸਲਤਾਂ ਬਾਰੇ ਨਿਰਣੇ ਕਦੇ ਗਲਤ ਨਹੀਂ ਹੋਏ।

ਅੱਜ ਦੇ ਸਤਿਗੁਰੂ ਜੀ ਅਤੇ ਸ੍ਰੀ ਮਹਾਰਾਜ ਜੀ ਜਦੋਂ ਅਜੇ ਅਵਾਣੇ ਬਾਲ ਸਨ, ਸ੍ਰੀ ਭੈਣੀ ਸਾਹਿਬ ਡੇਰੇ ਦੇ ਪ੍ਰਬੰਧ ਲਈ ਕਈ ਇਕ ਸੱਜਣ ਸਤਿਗੁਰਾਂ ਨਿਸਚਿਤ ਕੀਤੇ। ਇਕ ਵਾਰ ਅਧਿਕਾਰ ਦੇ ਕੇ ਸੁਜਾਨ ਸਤਿਗੁਰੂ ਜੀ ਨੇ ਤਦ ਤੱਕ ਵਾਪਸ ਨਾ ਲਏ ਜਦ ਤੱਕ ਜਾਂ ਤੇ ਅਧਿਕਾਰੀ ਨੇ ਖੁਦ-ਬਖ਼ੁਦ ਛੁੱਟੀ ਦੀ ਬੇਨਤੀ ਨਹੀਂ ਕੀਤੀ ਤੇ ਜਾਂ ਉਹ ਆਪ ਸਤਿਗੁਰੂ ਜੀ ਅਗੇ ਝੂਠਾ ਨਹੀਂ ਪਿਆ।

ਜਦੋਂ ਕਦੇ ਕਿਸੇ ਅਧਿਕਾਰੀ ਦੀਆਂ ਵਧੀਕੀਆਂ ਦਾ ਜ਼ਿਕਰ ਛਿੜਦਾ ਤਾਂ ਸਾਹਿਬ ਫ਼ਰਮਾਉਂਦੇ :

ਇਹ ਥਾਂ ਕੋਈ ਛੋਟੀ ਨਹੀਂ। ਏਥੇ ਆ ਕੇ ਅਭਿਮਾਨ ਦਾ ਕਿਣਕਾ ਮਾਤਰ ਵੀ ਪਹਾੜ ਬਣ ਖਲੋਂਦਾ ਹੈ। ਭਜਨ ਬੰਦਗੀ ਕਰਨ ਵਾਲੇ ਪ੍ਰਬੰਧ ਵਿਚ ਭਾਗ ਲੈਣੋ ਸੰਕੋਚ ਕਰਦੇ ਹਨ। ਉਹੋ ਹੀ ਹੁੰਦੇ ਹਨ ਜੋ ਅੰਤਰ ਆਤਮੇ ਦੀ ਵਿਚਾਰ ਕਰਦੇ ਅਤੇ ਵੱਧ ਤੋਂ ਵੱਧ ਨਿਆਉਂ ਦੇ ਸਕਦੇ ਹਨ। ਅਜਿਹੀ ਹਾਲਤ ਵਿਚ ਮੈਂ ਕਿਸੇ ਵੀ ਯੋਗ ਮਨੁੱਖ ਨੂੰ ਪ੍ਰਬੰਧ ਤੇ ਲਾ ਕੇ ਭਜਨ ਬਾਣੀ ਕਰਨ ਲਈ ਕਹਿੰਦਾ ਹਾਂ ਤਾਂਕਿ ਉਹ ਨਿਰ ਅਭਿਮਾਨ ਰਹਿ ਕੇ ਸਾਧ ਸੰਗਤ ਦੀ ਸੇਵਾ ਕਰੇ ਪਰ ਕੰਮ ਕਰਦਿਆਂ ਉਕਾਈਆਂ ਵੀ ਹੋ ਜਾਂਦੀਆਂ ਹਨ। ਚੰਗੇ ਭਲੇ ਮਨੁੱਖ ਦਾ, ਪਦਵੀ ਤੇ ਗਿਆਂ ਅਭਿਮਾਨ ਜੁਆਨ ਹੋ ਖਲੋਂਦਾ ਹੈ। ਜੇ ਨਿੱਕੀਆਂ ਮੋਟੀਆਂ ਉਕਾਈਆਂ ਤੋਂ ਰੋਜ਼ ਤਬਦੀਲੀ ਕਰੀਏ ਤਾਂ ਮੇਰੀ ਗ਼ੈਰ ਮੌਜੂਦਗੀ ਵਿਚ ਆਪਾਧਾਪੀ ਮਚੀ ਰਹੇ।

ਇਸ ਪ੍ਰਸੰਗ ਵਿਚ ਉਹਨਾਂ ਨੂੰ ਪਤਾ ਹੁੰਦਾ ਸੀ ਕਿ ਝੂਠਾ ਕੌਣ ਤੇ ਸੱਚਾ ਕਿਹੜਾ ਹੈ ਪਰ ਕਿਸੇ ਦੀ ਵਿਹਾਰਕ ਯੋਗਤਾ ਨੂੰ ਮੁੱਖ ਰਖਦਿਆਂ ਉਹ ਸੰਪੂਰਨ ਨਿਆਇ ਦੀ ਥਾਂ ਦੋਹਾਂ ਧਿਰਾਂ ਨੂੰ ਵੱਖ-ਵੱਖ ਰਾਜ਼ੀ ਕਰਨ ਦੀ ਕੋਸ਼ਿਸ਼ ਕਰਦੇ।

ਜੀਵਨ ਵਿਚ ਸ੍ਰੀ ਜੀ ਨੂੰ ਲੱਖਾਂ ਹੀ ਲੋਕਾਂ ਨਾਲ ਵਾਸਤਾ ਪਿਆ। ਇਸ ਤਜ਼ਰਬੇ ਵਿਚੋਂ ਉਨ੍ਹਾਂ ਹਰ ਤਰ੍ਹਾਂ ਦੇ ਲੋਕਾਂ ਦੀਆਂ ਭਾਵਨਾਵਾਂ ਨੂੰ ਪੜ੍ਹਿਆ। ਜਦੋਂ ਕਦੇ ਉਹ ਮਨੋਵਿਗਿਆਨਕ ਪੜ੍ਹਤ ਤੋਂ ਅਗਲੇ ਦੇ ਦਿਲ ਦੀ ਗੱਲ ਕਹਿ ਦਿੰਦੇ ਤਾਂ ਕਰਾਮਾਤ ਹੋ ਜਾਂਦੀ। ਸਾਹਮਣੇ ਦਾ ਮਨੁੱਖ ਸ਼ਰਧਾ ਤੇ ਅਦਬ ਨਾਲ ਦੋਬਾਰਾ ਚਰਨਾਂ ਤੇ ਢਹਿੰਦਾ - ਧੰਨ ਧੰਨ ਕਹਿ ਉਠਦਾ। ਜਾਣੀ ਜਾਣ ਦੀ ਜ਼ਰਾ ਕੁ ਮੁਸਕਰਾ ਕੇ ਫ਼ਰਮਾਉਂਦੇ - ਇਹ ਕਰਾਮਾਤ ਨਹੀਂ ਇਹ ਤਾਂ ਕਰਤ ਵਿੱਦਿਆ ਹੈ। ਮੈਂ ਜਾਣਦਾ ਹਾਂ ਕਿ ਤੈਨੂੰ ਇਸ ਵੇਲੇ ਇਹੋ ਕੁਝ ਸੋਚਣ ਨੂੰ ਹੈ।

ਮਨੁੱਖ ਅਤੇ ਇਸਤ੍ਰੀ ਦੇ ਸੁਭਾਵਾਂ ਦੀਆਂ ਖੂਬੀਆਂ

ਅਤੇ ਖਾਮੀਆਂ ਦਾ ਤੱਤ ਆਪ ਦੇ ਪਾਸ ਸੀ। ਵੇਖਣ ਮਾਤਰ ਨਾਲ ਹੀ ਉਹ ਜਾਣ ਜਾਂਦੇ ਸਨ ਕਿ ਉਨ੍ਹਾਂ ਦੇ ਸਾਹਮਣੇ ਸੱਚ ਕੌਣ ਕਹਿ ਸਕਦਾ ਸੀ ਤੇ ਕਿਸ ਨੂੰ ਸੱਚ-ਝੂਠ ਦੇ ਮਿਲਗੋਭੇ ਦੀ ਜ਼ਰੂਰਤ ਹੈ : ਇਕ ਵਾਰ ਦੀ ਜਾਣੀ ਹੋਈ ਗੱਲ ਨੂੰ ਬਾਰ-ਬਾਰ ਅਜਮਾਉਣ ਦੇ ਚੱਕਰ ਵਿਚ ਉਹ ਨਹੀਂ ਸਨ ਪੈਂਦੇ। ਉਹ ਖੂਬ ਜਾਣਦੇ ਸਨ ਕਿ ਮਨੁੱਖ ਦਾ ਦੁੱਖ ਕਿਨ੍ਹਾਂ ਚੀਜ਼ਾਂ ਤੋਂ ਉੱਠਦਾ ਹੈ ਅਤੇ ਇਸਤ੍ਰੀ ਕਿਨ੍ਹਾਂ ਕਾਰਨਾਂ ਕਰਕੇ ਕਲਪਦੀ ਹੈ। ਸਤਿਗੁਰੂ ਜੀ ਨੇ ਆਪਣੀ ਜ਼ਿੰਦਗੀ ਵਿਚ ਹਜ਼ਾਰਾਂ ਜੋੜਿਆਂ ਦੇ ਅੰਤਰ-ਦੁੱਖ ਸੁਣੇ ਅਤੇ ਵਿਵਹਾਰਕ ਪੱਖੋਂ ਦੋਹਾਂ ਜੀਆਂ ਦੇ ਧਰਮ ਨੂੰ ਸਪੱਸ਼ਟ ਕਰਕੇ ਉਨ੍ਹਾਂ ਦੀ ਸੁਚੱਜੀ ਅਗਵਾਈ ਕੀਤੀ।

ਬੱਚਿਆਂ ਵਾਸਤੇ ਆਪ ਦਾ ਨਜ਼ਰੀਆ 'ਪਾਂਚ ਬਰਖ ਤਕ ਲਾਡ ਹੈ ਤਾੜਨ ਹੈ ਖਟ ਮਾਹਿ' ਪੰਡਿਤ ਹਰਦਿਆਲ ਦੀ ਨੀਤੀ ਦੇ ਆਲੇ ਦੁਆਲੇ ਸੀ। ਆਪ ਇਹ ਸਪੱਸ਼ਟ ਕਿਹਾ ਕਰਦੇ ਸਨ ਕਿ ਬਚਪਨ ਹੀ ਉਹ ਧਰਤੀ ਹੈ ਜਿਸ ਵਿਚ ਉੱਚੇ ਵਿਚਾਰਾਂ ਦੇ ਅਤੇ ਸ਼ੁੱਧ ਵਿਹਾਰ ਦੇ ਬੀਜ ਬੋਏ ਜਾ ਸਕਦੇ ਹਨ। ਬਚਪਨ ਦੇ ਪਕਾਏ ਸੰਸਕਾਰ ਉਮਰ ਭਰ ਸਾਥ ਨਹੀਂ ਛੱਡਦੇ। ਇਸ ਲਈ ਬਚਪਨ ਵਿੱਚ ਚੰਗੀ ਸੰਗਤ ਤੇ ਉੱਦਮੀ ਵਤੀਰਾ ਹਰੇਕ ਮਨੁੱਖ ਨੂੰ ਮਿਲਣੇ ਚਾਹੀਦੇ ਹਨ।

ਮਾਨਵ ਮਾਤਰ ਨੂੰ ਪਿਆਰ ਕਰਨ ਵਾਲੇ ਸਤਿਗੁਰੂ ਜੀ ਨੇ ਆਪਣੇ ਦੋਹਾਂ ਸਾਹਿਬਜ਼ਾਦਿਆਂ ਦੇ ਬਚਪਨ ਵਿੱਚ ਨਾ ਅਖੜਪੁਣਾ ਆਉਣ ਦਿੱਤਾ, ਨਾ ਅਭਿਮਾਨ ਅਤੇ ਨਾ ਹੀ ਇਕ ਨਿਰੰਕੁਸ਼ਤਾ। ਰੋਜ਼ਾਨਾ ਇਸ਼ਨਾਨ, ਭਜਨ ਬਾਣੀ ਦਾ ਪ੍ਰੋਗਰਾਮ ਤਾਂ ਇਕ ਦਿਨ ਵੀ ਢਿਲਿਆਂ ਨਹੀਂ ਪੈਣ ਦਿੱਤਾ। ਇਸ ਤੋਂ ਬਿਨਾਂ ਸਾਦਾ ਖਾਣਾ, ਸਾਦਾ ਪਹਿਨਣਾ ਤੇ ਸਾਦਾ ਹੀ ਰਹਿਣਾ ਉਨ੍ਹਾਂ ਨੂੰ ਵਿਰਸੇ ਵਿਚ ਦਿੱਤਾ। ਦਰਸ਼ਕ ਜਾਣਦੇ ਹਨ ਕਿ ਜਦੋਂ ਸ੍ਰੀ ਭੈਣੀ ਸਾਹਿਬ ਨਾਮਧਾਰੀ ਵਿਦਿਆਲਾ ਦੇ ਵਿਦਿਆਰਥੀ ਕਦੇ ਦੀਵਾਨ ਵਿਚ ਆਉਂਦੇ ਤਾਂ ਸਤਿਗੁਰੂ ਜੀ ਦੇ ਦੋਵੇਂ ਸਾਹਿਬਜ਼ਾਦੇ ਵੀ ਉਨ੍ਹਾਂ ਵਿੱਚ ਅਭੇਦ ਹੋਏ ਹੁੰਦੇ। ਨਿਯਮਾਂ ਦੀ ਪਾਬੰਦੀ ਤੋਂ ਜੇ ਸਾਹਿਬਜ਼ਾਦਿਆਂ ਦਾ ਕੋਈ ਸੇਵਕ ਝਿੜਕਦਾ ਵੀ ਤਾਂ ਦੀਨ ਦਿਆਲ ਜੀ ਉਸ ਨੂੰ ਤਾੜਦੇ ਨਾ। ਸਤਿਗੁਰ ਪ੍ਰਤਾਪ ਸਿੰਘ ਜੀ ਦੇ ਸਥਾਪਤ ਅਜਿਹੇ ਸੇਵਾਦਾਰ ਅੱਜ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਜਿਉਂ ਕਾ ਤਿਉਂ ਪ੍ਰਵਾਨ ਹਨ।

ਬਖ਼ਸ਼ਸ਼ ਦਾ ਦਰਵਾਜਾ ਪਤਿਤ ਪਾਵਨ ਜੀ ਨੇ ਸਦਾ ਹੀ ਖੁਲ੍ਹਾ ਰੱਖਿਆ। ਅਸੀਂ ਬਚਪਨ ਵਿਚ ਸੋਚਦੇ ਸਾਂ ਕਿ 'ਬਖਸ਼ਸ਼ ਮੰਗੋ ਤੇ ਮੁਕਤ ਹੋ ਜਾਓ' ਸੋਚ ਕੇ ਬੰਦਾ ਕਦੋਂ ਗੁਨਾਹਾਂ ਤੋਂ ਤੋਬਾ ਕਰਦਾ ਹੈ, ਪਰ ਅਮਲ ਨੇ ਦੱਸਿਆ ਹੈ ਕਿ ਆਪ ਨੇ ਨਾਮਧਾਰੀ ਪੰਥ ਵਿਚ ਮਹਾਨ ਸਤਿਗੁਰਾਂ ਵਾਲੀ ਇਸ ਮਰਯਾਦਾ ਨੂੰ ਪ੍ਰੰਪਰਾ ਦੇ ਤੌਰ ਤੇ ਰੱਖ ਕੇ ਡਿਗੂੰ-ਡਿਗੂੰ ਕਰਨ ਵਾਲਿਆਂ ਨੂੰ ਹੋਰ ਦਰ ਧਕਣ ਦੀ ਥਾਂ ਆਪਣੇ ਘਰ ਨੂੰ ਹੀ ਖਿੱਚਣ ਦੀ ਪ੍ਰੰਪਰਾ ਕਾਇਮ ਰੱਖੀ। ਕੀਤੇ ਦੀ ਸਜ਼ਾ ਤਾਂ ਸਤਿਗੁਰੂ ਦਿੰਦੇ ਹੀ ਸਨ, ਪਰ ਬਖ਼ਸ਼ਸ਼ ਦਾ ਦਰ ਖੋਲ੍ਹੀ ਰੱਖਣ ਨਾਲ ਆਪ ਜੀ ਨੇ ਹਜ਼ਾਰਾਂ ਮਨੁੱਖਾਂ ਵਿਚ ਨਵਾਂ ਜੀਵਨ ਸ਼ੁਰੂ ਕਰਨ ਦੀ ਆਸ ਨੂੰ ਕੁਮਲਾਣ ਨਹੀਂ ਦਿੱਤਾ।

ਸਤਿ-ਸਰੂਪ ਸਤਿਗੁਰੂ ਆਪਣੇ ਪਵਿੱਤ੍ਰ ਬਚਨਾਂ ਵਿਚ ਜਾਂ ਨਿਕਟ ਮੰਡਲੀਆਂ ਵਿਚ ਅਨੇਕਾਂ ਵਾਰ ਕਿਹਾ ਕਰਦੇ- 'ਜੇ ਬੰਦੇ ਦਾ ਵਿਹਾਰ ਸ਼ੁੱਧ ਹੈ ਤਾਂ ਪਰਮਾਰਥ ਵੀ ਸ਼ੁੱਧ ਹੋ ਜਾਵੇਗਾ। ਜਿਸ ਆਦਮੀ ਨੇ ਕਿਸੇ ਨਾਲ ਛਲ ਕਪਟ ਨਹੀਂ ਕਰਨਾ, ਪੈਸਾ ਨਹੀਂ ਮਾਰਨਾ, ਵਾਧਾ ਨਹੀਂ ਕਰਨਾ, ਆਪਣਾ ਵਿਹਾਰ ਸੁੱਚਾ ਰੱਖਣਾ ਹੈ, ਉਸਨੂੰ ਕੀ ਡਰ ਪਰਮਾਰਥ ਦੀ ਚਿੰਤਾ ਦਾ।' ਆਪ ਜੀ ਦਾ ਵਿਸ਼ਵਾਸ ਸੀ ਕਿ ਭਜਨ ਬਾਣੀ ਕਰਦਿਆਂ ਅਸੀਂ ਚੰਗੇ ਵਿਹਾਰੀ ਬਣੀਏ ਤਾਂ ਪਰਮਾਰਥ ਸਾਧਿਆ ਹੀ ਪਿਆ ਹੈ। ਪਰਮਾਰਥ ਲਈ ਸੁੱਚਾ ਵਿਹਾਰ ਤੇ ਸੱਚੇ ਵਿਹਾਰ ਲਈ ਭਜਨ ਬਾਣੀ, ਇਕ ਅਜਿਹਾ ਚੱਕਰ ਹੈ ਜੋ ਮਨੁੱਖ ਨੂੰ ਆਪ ਤੋਂ ਆਪ ਸੋਧਦਾ ਜਾਂਦਾ ਹੈ।

ਪਰਮ ਕਿਰਪਾਲੂ ਸਤਿਗੁਰੂ ਜੀ ਨੇ ਵਿਹਾਰਕ ਪੱਖੋਂ ਕਈ ਉਨ੍ਹਾਂ ਮਨੁੱਖਾਂ ਨੂੰ ਵੀ ਗਲ ਨਾਲ ਲਾਇਆ ਹੋਇਆ ਸੀ, ਜਿਨ੍ਹਾਂ ਨੂੰ ਸਾਧਾਰਨ ਸਮਝ ਵਾਲਾ ਆਦਮੀ ਨਫ਼ਰਤ ਕਰਨੋਂ ਨਹੀਂ ਸੰਕੋਚਦਾ। ਪ੍ਰੰਤੂ ਸਤਿਗੁਰੂ ਜੀ ਤਾਂ ਕਈ ਵਾਰ ਕਿਸੇ ਮਨੁੱਖ ਦੇ ਕੇਵਲ ਇਕੋ ਚੁਣਵੇਂ ਗੁਣ ਕਰਕੇ ਉਹਦੀ ਕਦਰ ਕਰਦੇ ਸਨ। ਉਹ ਉਸ ਦੀ ਜ਼ਾਤ, ਰੂਪ, ਰੰਗ ਤੇ ਮਾੜਿਆਂ ਮੋਟਿਆਂ ਹੋਣਾ, ਆਸਤਕ ਜਾਂ ਨਾਸਤਕ ਹੋਣਾ ਵੀ ਨਹੀਂ ਤੱਕਦੇ ਸਨ। ਉਹ ਕਿਹਾ ਕਰਦੇ ਕਿ ਨਿਗੁਣਿਆਂ ਨੂੰ ਪਾਲਣ ਵਾਲਾ ਤਾਂ ਹਰੀ ਹੀ ਹੈ। ਉਹ ਤਾਂ ਫੇਰ ਵੀ ਕਿਸੇ ਨਾ ਕਿਸੇ ਪੱਖੋਂ ਕਿਸੇ ਦੇ ਗੁਣ ਦੀ ਕਦਰ ਕਰਦੇ ਹਨ।

ਇਸ ਵਿੱਚ ਸ਼ੱਕ ਨਹੀਂ ਕਿ ਗੁਰੂ ਕੇ ਲੰਗਰ ਨੇ ਅਨੇਕਾਂ ਉਹਨਾਂ ਲੋਕਾਂ ਨੂੰ ਜ਼ਿੰਦਗੀ ਭਰ ਪਨਾਹ ਦਿੱਤੀ ਜਿਨ੍ਹਾਂ ਨੂੰ ਉਹਨਾਂ ਦਾ ਆਪਣਾ ਘਰ ਚਾਰ ਦਿਨ ਵੀ ਨਾ ਝੱਲ ਸਕਦਾ।

ਸਤਿਗੁਰੂ ਜੀ ਕਿਸੇ ਬਾਕਾਇਦਾ ਜਾਂ ਬੇ-ਕਾਇਦਾ ਸਕੂਲ 'ਚੋਂ ਨਹੀਂ ਸਨ ਪੜ੍ਹੇ। ਉਹਨਾਂ ਦਾ ਅਨੁਭਵ ਏਨਾ ਅਦੁਤੀ ਸੀ ਕਿ ਇਕ ਵਾਰ ਦੀ ਸੁਣੀ ਗੱਲ, ਅੱਖਰ-ਅੱਖਰ ਉਹਨਾਂ ਨੂੰ ਕਦੇ ਨਾ ਭੁਲਦੀ। ਕਈ-ਕਈ ਉਦਾਹਰਣ ਉਹ 60 ਸਾਲ ਤੱਕ ਦੇ ਪੁਰਾਣੇ ਸੁਣੇ ਜਾਂ ਪੜ੍ਹੇ ਹੋਏ ਜਿਉਂ ਕਾ ਤਿਉਂ ਦੁਹਰਾ ਦਿੰਦੇ। ਪੰਜਾਬੀ ਦੇ ਅਧਿਆਪਕ ਨੂੰ ਬਹੁਤ ਕਸ਼ਟ ਨਹੀਂ ਕਰਨਾ ਪਿਆ। ਅੱਖਰ ਗਿਆਨ ਕਰਕੇ ਹੀ ਸ੍ਰੀ ਜੀ ਨੇ ਸੱਤ ਸਾਲ ਦੀ ਉਮਰ ਵਿੱਚ ਗ੍ਰੰਥ ਸਾਹਿਬ ਜੀ ਦਾ ਪਾਠ ਆਰੰਭ ਦਿੱਤਾ। ਪੰਜਾਬੀ ਉਹਨਾਂ ਗੁਰਬਾਣੀ ਦੇ ਪਾਠ ਲਈ ਪੜ੍ਹੀ। ਉਰਦੂ ਦਾ ਅੱਖਰ ਗਿਆਨ ਉਹਨਾਂ ਅਖ਼ਬਾਰ ਪੜ੍ਹਨ ਲਈ ਹਾਸਲ ਕੀਤਾ। ਅੰਗਰੇਜ਼ੀ ਆਪ ਨੇ ਘੋੜਿਆਂ ਨਾਲ ਸੰਬੰਧਤ ਲਿਟਰੇਚਰ ਜਿੰਨੀ

ਹੀ ਜਾਣੀ ਤੇ ਹਿੰਦੀ ਦੇ ਵਾਕਫ਼ ਆਪ ਇਸ ਸ਼ੌਂਕ ਨਾਲ ਹੋਏ ਕਿ ਇਸ ਵਿੱਚ ਚੰਗੀਆਂ ਤੋਂ ਚੰਗੀਆਂ ਪੌਰਾਣਿਕ ਪੁਸਤਕਾਂ ਮਿਲ ਸਕਦੀਆਂ ਹਨ।

ਪਰ ਹਿਸਾਬ ? ਇਸਦਾ ਉਸਤਾਦ ਕੌਣ ਸੀ ? ਇਸਦਾ ਉਸਤਾਦ ਵੀ, ਰੋਜ਼ਾਨਾ ਉਸਾਰੀ ਵਿੱਚ ਲੋੜ ਸੀ। ਰੁਪੈ ਪੈਸੇ ਦੀ ਗਿਣਤੀ ਦਾ ਕਸ਼ਟ ਕਦੇ ਆਪ ਨੇ ਕੀਤਾ ਨਹੀਂ। ਪਰ ਜਿਸ ਹਿਸਾਬ ਦੇ ਸਵਾਲ ਨੂੰ ਹਿਸਾਬ ਦਾਨ ਕਾਗਜ਼ਾਂ ਤੇ ਲਿਖ-ਲਿਖ ਵੀ ਭੁੱਲ ਜਾਂਦੇ ਸਨ ਉਹਨੂੰ ਆਪ ਸਹਿਜ ਭਾਅ, ਚੇਤੇ ਰਖੇ ਸਿੱਧੇ ਗੁਰਾਂ ਨਾਲ, ਫੌਰਨ ਦਸ ਦਿੰਦੇ।

ਆਪ ਜੀ ਦੇ ਪਸ਼ੂ ਗਿਆਨ ਦੇ ਕਮਾਲ ਨੇ ਤਾਂ ਕੇਂਦਰਾਂ ਅਤੇ ਰਾਜ ਸਰਕਾਰਾਂ ਦੇ ਸੰਬੰਧਤ ਮੰਤਰੀਆਂ ਨੂੰ ਵੀ ਕਾਇਲ ਕਰ ਦਿੱਤਾ। ਇਸ ਵਿੱਚ ਆਪ ਫੇਰ ਵਿਵਹਾਰਕ ਪੱਖੋਂ ਜਿਤਦੇ। ਸੁਣੀ ਸੁਣਾਈ ਗੱਲ ਤੇ ਆਪ ਕਦੇ ਇਤਬਾਰ ਨਾ ਕਰਦੇ। ਤਹਿ ਤੱਕ ਪਹੁੰਚਣ ਦਾ ਗੰਭੀਰ ਯਤਨ ਕਰਦੇ। ਸ੍ਰੀ ਭੈਣੀ ਸਾਹਿਬ ਜਾਂ ਸ੍ਰੀ ਜੀਵਨ ਨਗਰ ਦੀ ਪਸ਼ੂ-ਸ਼ਾਲਾ ਸੰਬੰਧੀ ਅੰਕੜੇ ਉਹ ਆਪ ਇਕੱਠਾ ਕਰਦੇ ਤੇ ਇਹਨਾਂ ਨੂੰ ਯਾਦ ਰੱਖਦੇ। ਓਨਾ ਪਤਾ ਮਾਲ ਦੀ ਸੰਭਾਲ ਵਾਲਿਆਂ ਨੂੰ ਨਾ ਹੁੰਦਾ ਜਿੰਨਾ ਸਤਿਗੁਰੂ ਜੀ ਤੋਂ ਮਾਲੂਮ ਹੋ ਸਕਦਾ।

ਗਊ ਚੰਦ੍ਰਮਾ ਬਿਮਾਰ ਹੋ ਗਈ। ਸਤਿਗੁਰੂ ਜੀ ਸ੍ਰੀ ਜੀਵਨ ਨਗਰ ਹੀ ਸਨ। ਡਾਕਟਰਾਂ ਲਈ ਜੀਪਾਂ ਕਾਰਾਂ ਦੌੜੀਆਂ, ਦਵਾਈਆਂ ਲਈ ਆਦਮੀ ਭਜਾਏ। ਪਰ ਉਹ ਦੋ ਦਿਨਾਂ ਦੇ ਕਸ਼ਟ ਬਾਦ ਚਲ ਹੀ ਵਸੀ। ਅਫ਼ਸੋਸ ਕਰਨ ਤੇ ਸਤਿਗੁਰਾਂ ਫ਼ਰਮਾਇਆ :- "ਉਹਦਾ ਅਫ਼ਸੋਸ ਕਰਨਾ ਵਿਅਰਥ ਹੈ। ਮੇਰੇ ਵਰਗਾ, ਸਾਰੇ ਸਾਧਨਾਂ ਵਲੋਂ ਸਮਰੱਥ ਆਦਮੀ ਜੇ ਉਸਨੂੰ ਨਹੀਂ ਬਚਾ ਸਕਿਆ, ਤਾਂ ਉਸਦਾ ਮਰਨਾ ਅਟੱਲ ਹੋਣੀ ਸੀ, ਤੇ ਮੈਂ ਫੇਰ ਕਦੇ ਨਹੀਂ ਸੁਣਿਆ ਕਿ ਕਦੇ ਵੀ ਦੀਨ ਦਿਆਲ ਜੀ ਨੇ ਉਸਦੇ ਮਰਨ ਦੀ ਚਿੰਤਾ ਕੀਤੀ ਹੋਵੇ।

ਸਤਿਗੁਰੂ ਜੀ ਨੇ ਆਪਣੇ ਸਮੇਂ ਵਿਚ ਲੱਖਾਂ ਰੁਪੈ ਦਾਨ ਵਜੋਂ ਦਿੱਤੇ। ਪਰ ਉਹ ਕਿਸੇ ਵੀ ਅਜਿਹੇ ਮਨੁੱਖ ਨੂੰ ਇਕ ਪਾਈ ਤੱਕ ਦੇਣ ਨੂੰ ਤਿਆਰ ਨਹੀਂ ਸਨ ਜਿਸਨੇ ਕਿਸੇ ਐਬ ਜਾਂ ਬੁਰੀ ਸੁਹਬਤ ਨਾਲ ਧਨ ਨਾਸ ਕੀਤਾ ਹੋਵੇ। ਉਹਨਾਂ ਲੋਕਾਂ ਲਈ ਆਪ ਦੀ ਉਦਾਰਤਾ ਉਮਲ੍ਹ-ਉਮਲ੍ਹ ਪੈਂਦੀ ਸੀ ਜਿਨ੍ਹਾਂ ਨੂੰ ਹੋਣੀ ਨੇ ਠੁਕਰਾ ਦਿੱਤਾ ਹੋਵੇ। ਜਿਨ੍ਹਾਂ ਦੀ ਮਿਹਨਤ ਨੂੰ ਫਲ ਨਾ ਲਗਦਾ ਹੋਵੇ। ਕ੍ਰਿਪਾ ਦ੍ਰਿਸ਼ਟੀ ਨਾਲ ਆਰ ਬੁਖ਼ਾਰ ਭਰਨੇ ਇਹ ਤਾਂ ਉਨ੍ਹਾਂ ਦੀ ਆਤਮਿਕ ਵਡਿਆਈ ਦੀ ਸਿਫ਼ਤ ਹੈ ਪਰ ਉਨ੍ਹਾਂ ਨਗਦ ਰਕਮ, ਦਾਣਿਆਂ, ਪਸ਼ੂਆਂ ਅਤੇ ਤੂੜੀ ਪਠਿਆਂ ਨਾਲ ਵੀ ਬੇਓੜਕ ਲੋਕਾਂ ਦੀ ਸਹਾਇਤਾ ਕੀਤੀ। ਜਿਸ ਵੇਲੇ ਲੋਕਾਂ ਦੀ ਲਾਚਾਰੀ ਤੋਂ ਰਜਵਾਂ ਲਾਭ ਉਠਾਇਆ ਜਾ ਸਕਦਾ ਸੀ, ਉਦੋਂ ਆਪ ਨੇ ਨਿਰਸੰਕੋਚ ਵੰਡਿਆ ਵਰਤਾਇਆ।

ਸਤਿਗੁਰੂ ਜੀ ਨੇ ਦਾਨ ਦੇਣ ਦੀ ਫਹਿਰਿਸਤ ਵਿੱਚ ਕੇਵਲ ਨਾਮਧਾਰੀ ਹੀ ਨਹੀਂ ਰੱਖੇ ਸਨ, ਸਗੋਂ ਅਨੇਕਾਂ ਉਨ੍ਹਾਂ ਸੰਸਥਾਵਾਂ, ਸੁਸਾਇਟੀਆਂ, ਸਭਾਵਾਂ ਅਤੇ ਵਿਅਕਤੀਆਂ ਨੂੰ ਸੈਂਕੜੇ ਹਜ਼ਾਰਾਂ ਰੁਪਏ ਦਿੱਤੇ, ਜਿਨ੍ਹਾਂ ਨੂੰ ਉਨ੍ਹਾਂ ਲੋਕ-ਭਲੇ ਵਿੱਚ ਆਉਣ ਵਾਲੇ ਮਿਥਿਆ। ਸਾਹਿਤਕਾਰ, ਸੰਗੀਤਕਾਰ, ਨੀਤੀਵਾਨ, ਕਿਰਤਵਾਨ ਸਭ ਦੀ ਉਨ੍ਹਾਂ ਅਜਿਹੀ ਦ੍ਰਿਸ਼ਟੀ ਤੋਂ ਤੱਕ ਕੇ ਹੀ ਮੱਦਦ ਕੀਤੀ ਕਿ ਇਹ ਦੇਸ਼ ਅਤੇ ਲੋਕਾਂ ਦੇ ਕੰਮ ਆਉਣ ਵਾਲੇ ਹਨ।

ਅੰਮ੍ਰਿਤਸਰ ਪੰਜਾਬੀ ਦੇ ਲੇਖਕਾਂ ਵਲੋਂ ਇਕ ਸਾਲਾਨਾ ਕਾਨਫਰੰਸ ਹੋਈ। ਉਸ ਵਿੱਚ ਚੰਗੇ ਵਧੀਆ ਪੰਜਾਬੀ ਪ੍ਰੈਸ ਦੀ ਅਵਾਜ਼ ਉੱਠੀ। ਸ੍ਰੀ ਸਤਿਗੁਰੂ ਜੀ ਨੇ 5000/- ਦੀ ਪਹਿਲ ਕੀਤੀ। ਪਰ ਆਖਿਆ - ਜੇ ਸਾਰੇ ਸੱਜਣ ਯਤਨ ਕਰਨ ਤਾਂ ਪੰਜਾਬੀ ਪ੍ਰੈਸ ਦੀਆਂ ਸਭ ਖ਼ਾਮੀਆਂ ਦਿਨਾਂ ਵਿੱਚ ਪੂਰੀਆਂ ਕੀਤੀਆਂ ਜਾ ਸਕਦੀਆਂ ਹਨ। ਲੋੜ ਤਾਂ ਲਗਨ ਨਾਲ ਕੰਮ ਕਰਨ ਦੀ ਹੈ।

ਪਰ ਲਗਨ ਨਾਲ ਕੰਮ ਕਰਨ ਵਾਲੇ ਕਿੱਥੋਂ ਮਿਲਣ ?

ਇਹ ਤਾਂ ਮਿਸਾਲ ਹੀ ਹੈ, ਉਹਨਾਂ ਦੀ ਦੇਣ ਦੀ ਫਹਿਰਿਸਤ ਮੇਰੇ ਇਸ ਲੇਖ ਦਾ ਵਿਸ਼ਾ ਨਹੀਂ।

ਲੋਕਾਂ ਦੀ ਸਹਾਇਤਾ ਕਰਨ ਤੋਂ ਪਹਿਲਾਂ ਆਪ ਆਪਣੀ ਆਮਦਨੀ ਦੇ ਸਰੋਤਾਂ ਨੂੰ ਚੰਗੀ ਤਰ੍ਹਾਂ ਵਿਚਾਰਦੇ। ਨਿਤ ਦਾ ਚੜ੍ਹਾਵਾ ਤਾਂ ਉਨ੍ਹਾਂ ਦੇ ਦੌਰਿਆਂ ਅਤੇ ਲੰਗਰ ਦਾ ਹੀ ਖਰਚ ਮਸਾਂ ਸਾਰਦਾ ਸੀ। ਧਰਮ ਨੂੰ ਸੰਭਾਲਣ ਲਈ ਆਪ ਨੇ ਵਿਵਹਾਰ ਨੂੰ ਸਦਾ ਸਾਹਵੇਂ ਰੱਖਿਆ। ਘੋੜਿਆਂ ਦੀ ਆਮਦਨ ਜਾਂ ਜ਼ਮੀਨ ਦੀ ਉਪਜ ਵਿੱਚੋਂ ਪਹਿਲਾਂ ਹੀ ਮਿੱਥ ਲੈਂਦੇ ਕਿ ਇਸ ਰਕਮ 'ਚੋਂ ਏਨੀ ਰਕਮ ਨਾਲ ਐਨੇ ਲੋਕਾਂ ਦੀ ਸਹਾਇਤਾ ਕਰਨੀ ਹੈ ਅਤੇ ਅਜਿਹੇ ਮਣਸਣ ਨੂੰ ਕਦੇ ਆਪ ਪਹਿਲਾਂ ਜ਼ਾਹਰ ਨਾ ਕਰਦੇ। ਰਕਮ ਹੱਥ ਵਿੱਚ ਆ ਜਾਣ ਨਾਲ ਉਹਦੀ ਵਰਤੋਂ ਪਹਿਲੋਂ ਮਿੱਥੇ ਆਸ਼ੇ ਅਨੁਸਾਰ ਕਰਦੇ।

ਆਪ ਸਦਾ ਹੀ ਕਹਿੰਦੇ - ਸਰੀਰ ਦਾ ਬਸਤਰ ਤੱਕ ਦਾਨ ਕੀਤਾ ਜਾ ਸਕਦਾ ਹੈ। ਦਾਨੀ ਦੀ ਪ੍ਰੰਪਰਾ ਲਈ ਇਹ ਠੀਕ ਹੈ, ਪਰ ਜੇ ਬੰਦਾ ਸਾਧਨਹੀਣ ਹੋ ਜਾਵੇ ਤਾਂ ਤਨ ਲਈ ਕਪੜਾ ਵੀ ਨਹੀਂ ਮਿਲ ਸਕਦਾ, ਫਿਰ ਕੀ ਕਰੇਗਾ? ਦਾਨ ਕਰੋ ਤੇ ਨਾਲ ਹੀ ਦਾਨ ਦੇ ਸਾਧਨਾਂ ਨੂੰ ਮਜ਼ਬੂਤ ਬਣਾਓ।

ਨਿਜੀ ਤਜਰਬੇ ਨੂੰ ਆਪ ਡਾਢੀ ਦ੍ਰਿੜ੍ਹਤਾ ਨਾਲ ਅਪਣਾਉਂਦੇ ਅਤੇ ਪਰਚਾਰਦੇ। ਪਹਿਲਾਂ-ਪਹਿਲ ਨਾਮਧਾਰੀ ਪਸ਼ੂਸ਼ਾਲਾ ਵਿੱਚ ਮਹੀਆਂ ਦਾ ਵੀ ਕਾਫ਼ੀ ਜ਼ੋਰ ਸੀ। ਘਿਉ ਦੇ ਪੱਖੋਂ ਪੰਜਾਬ ਦਾ ਕਿਸਾਨ ਹਮੇਸ਼ਾਂ ਹੀ ਗਊ ਨਾਲ ਮੱਝ ਨੂੰ ਤਰਜੀਹ ਦਿੰਦਾ ਆਇਆ ਹੈ। ਪਰ ਸਤਿਗੁਰੂ ਜੀ ਨੇ ਸਾਹੀਵਾਲ ਅਤੇ ਹਰਿਆਣਾ ਨਸਲ ਨੂੰ ਸ੍ਰੀ ਜੀਵਨ ਨਗਰ ਵਿਖੇ, ਖਾਸ

ਧਿਆਨ ਨਾਲ ਉੱਨਤ ਕਰਕੇ ਇਹ ਤੱਤ ਪ੍ਰਗਟ ਕੀਤਾ ਕਿ ਮੱਝਾਂ ਨਾਲੋਂ ਗਊਆਂ ਕਿਸਾਨਾਂ ਨੂੰ ਲਾਹੇਵੰਦੀਆਂ ਹਨ। ਦੁੱਧ ਘਿਉ, ਨੀਰਾ ਪੱਠਾ, ਚਾਰਾ ਦਾਣਾ ਤੇ ਗੋਹੇ ਵਗੈਰਾ ਦਾ ਵੀ ਸਾਲਾਨਾ ਵਜ਼ਨ ਕਰਕੇ ਆਪ ਜੀ ਨੇ ਐਲਾਨ ਕੀਤਾ ਕਿ ਦੋ ਮੱਝਾਂ ਦੇ ਖਰਚ ਵਿਚ ਤਿੰਨ ਗਊਆਂ ਪਾਲੀਆਂ ਜਾ ਸਕਦੀਆ ਹਨ ਤੇ ਉਪਜ ਦੇ ਹਰ ਪੱਖੋਂ ਇਹ ਮੱਝਾਂ ਨਾਲੋਂ ਖਰੀਆਂ ਉਤਰਨਗੀਆਂ।

ਇਸ ਤੱਤ ਤੋਂ ਬਾਅਦ ਆਪ ਨੇ ਨਿੱਜੀ ਪਸ਼ੂ ਸ਼ਾਲਾ ਵਿੱਚ ਮੱਝਾ ਪੈਰੋਪੈਰ ਘਟਾਣੀਆਂ ਤੇ ਗਊਆਂ ਨੂੰ ਵਧਾਣਾ ਸ਼ੁਰੂ ਕੀਤਾ।

ਇਹੋ ਵਿਹਾਰ ਉਨ੍ਹਾਂ ਘੋੜਿਆਂ ਬਾਬਤ ਰਖਿਆ। ਰੇਸ ਤੋਂ ਘੋੜਿਆਂ ਦੀ ਆਮਦਨ ਨੂੰ ਘੋੜਿਆਂ ਦੀ ਨਸਲਕਸ਼ੀ ਵਿੱਚ ਵਧੇਰੇ ਵੇਖਿਆ। ਰੇਸ ਛੱਡ ਦਿੱਤੀ। ਘਰ ਪਾਲ ਕੇ ਘੋੜੀਆਂ ਦੇ ਵਛੇਰੇ ਵਛੇਰੀਆਂ ਤੋਂ ਆਪ ਨੇ ਲੰਗਰ ਲਈ ਵਾਹਵਾ ਧਨ ਹਾਸਲ ਕੀਤਾ।

ਅੱਜ ਸੱਚ ਪੁੱਛੋ ਤਾਂ ਪੰਜਾਬ ਵਿੱਚ, ਆਪ ਦੇ ਉੱਦਮ ਸਦਕਾ ਨਾਮਧਾਰੀ ਪਸ਼ੂ ਸ਼ਾਲਾ ਅਤੇ ਘੋੜ ਸ਼ਾਲਾ ਪਹਿਲੇ ਦਰਜੇ ਦੀਆਂ ਪਸ਼ੂ ਉਤਪਾਦਕ ਸ਼ਕਤੀਆਂ ਹਨ।

ਗਰੀਬ ਨਿਵਾਜ਼ ਸਤਿਗੁਰੂ ਆਪਣੀ ਹਰੇਕ ਆਦਤ ਨੂੰ ਇਸ ਪੱਖੋਂ ਵੇਖਦੇ ਸਨ ਕਿ ਉਹ ਕਿਸੇ ਦੂਜੇ ਲਈ ਬੇਆਰਾਮੀ ਦਾ ਕਾਰਨ ਤਾਂ ਨਹੀਂ ਬਣਦੀ। ਉਸ ਦੇ ਮਨ ਵਿਚ ਖਿਲਾਫ਼ਤ ਦੀ ਅੱਗ ਤਾਂ ਨਹੀਂ ਭੜਕਾਂਦੀ। ਇਸੇ ਕਾਰਨ ਉਨ੍ਹਾਂ ਨੇ ਨਾਮਧਾਰੀ ਸਮਾਜ ਵਿੱਚ ਤੇ ਹੋਰ ਲੋਕਾਂ ਵਿਚਾਲੇ ਇਕ ਲੀਕ ਮਾਰੀ ਹੋਈ ਸੀ। ਨਾਮਧਾਰੀਆਂ ਵਾਸਤੇ ਫ਼ੌਲਾਦੀ ਡਸਿਪਲਨ ਆਪ ਦੀ ਜ਼ਰੂਰਤ ਸੀ। ਦੀਵਾਨ ਵਿੱਚ ਜਾਣਾ, ਦੀਵਾਨ ਦੀ ਮਰਯਾਦਾ ਨੂੰ ਸਮਝਣਾ ਆਦਿ ਨਾਮਧਾਰੀਆਂ ਵਾਸਤੇ ਹਰ ਪਹਿਲੂ ਲਈ ਚੌਕਸੀ ਦੀ ਲੋੜ ਸੀ, ਪਰ ਗੈਰ ਨਾਮਧਾਰੀ ਜਿਸ ਰੰਗ ਵਿੱਚ ਵੀ ਆਪ ਦੇ ਹਜ਼ੂਰ ਜਾਂ ਦੀਵਾਨ ਵਿੱਚ ਜਾਵੇ, ਉਸ ਲਈ ਉਚੇਚਾ ਸਤਿਕਾਰ ਸੀ। ਸਤਿਗੁਰੂ ਜੀ ਨੂੰ, ਅਦਨੇ ਤੋਂ ਅਦਨੇ ਗ਼ੈਰ ਨਾਮਧਾਰੀ ਨਾਲ ਵੀ ਸਿਰੇ ਦੀ ਨਿਮਰਤਾ, ਮਿੱਠਤ ਅਤੇ ਅਦਬ ਵਰਤਦਿਆਂ ਵੇਖਿਆ ਹੈ। ਜਦੋਂ ਉਹ ਕਿਸੇ, ਸਾਡੀ ਨਿਗਾਹ ਵਿਚ ਸਾਧਾਰਨ, ਓਪਰੇ ਵਿਅਕਤੀ ਦੇ ਗੋਡਿਆਂ ਤੱਕ ਝੁੱਕ ਕੇ ਉਸ ਨੂੰ ਨਮਸਕਾਰ ਕਰਦੇ ਤਾਂ ਸਾਡੇ ਹਿਰਦਿਆਂ ਤੋਂ ਅਭਿਮਾਨ ਦੀ ਮੈਲ ਤਾ ਲੱਥਣੀ ਹੀ ਸੀ, ਅਗਲੇ ਪਾਸੇ ਵੀ ਸਾਬਤ ਖਲੋਣ ਦੀ ਦਲੇਰੀ ਮੁੱਕ ਜਾਂਦੀ।

ਹਜ਼ਾਰਾਂ ਲੱਖਾਂ ਮਨੁੱਖ ਸਤਿਗੁਰੂ ਜੀ ਦੀ ਪ੍ਰਥਮ ਮਿਲਣੀ ਨੇ ਮੋਹ ਕੱਢੇ ਸਨ। ਆਪ ਫ਼ਰਮਾਉਂਦੇ - "ਸੱਚੇ ਦਿਲ ਨਾਲ ਕਿਸੇ ਦਾ ਆਦਰ ਕੀਤਿਆਂ, ਕਦੇ ਵੀ ਅਨਾਦਰ ਨਹੀਂ ਹੋ ਸਕਦਾ। ਆਦਰ ਹੀ ਆਦਰ ਦੀ ਮਾਂ ਹੈ। ਆਦਰ ਕਰੋ ਤੇ ਆਦਰ ਲਓ।"

ਉਹ ਕਿੱਡੇ ਉਦਮੀ, ਵੱਡੇ ਤੇ ਫਜ਼ੂਲ ਦੇ ਅਡੰਬਰਾਂ ਤੋਂ ਉੱਚੇ ਸਨ, ਯਾਦ ਕਰਕੇ ਕਈ ਵਾਰ ਆਨੰਦ ਵਿਭਰ ਹੋ ਜਾਈਦਾ ਹੈ। ਅਨੇਕਾਂ ਵਾਰ ਡਿੱਠਾ ਕਿ ਕਿਸੇ ਪੁਸਤਕ, ਅਖ਼ਬਾਰ ਜਾਂ ਹੋਰ ਸ਼ੈਅ ਨੂੰ ਵਿਖਾਉਣਾ ਹੁੰਦਾ ਤਾਂ ਮੈਨੂੰ ਅਲਮਾਰੀ 'ਚੋਂ ਕੱਢਣ ਦਾ ਹੁਕਮ ਨਾ ਕਰਦੇ ਸਗੋਂ ਆਪ ਹੀ ਉੱਠ ਕੇ ਮੇਰੇ ਲਈ ਲੋੜੀਂਦੀ ਚੀਜ਼ ਲੈ ਆਉਂਦੇ। ਇਹ ਮੇਰੇ ਲਈ ਹੀ ਨਹੀਂ ਸੀ, ਹਰੇਕ ਲਈ ਉਨ੍ਹਾਂ ਦਾ ਸੁਭਾਉ ਸੀ। ਨਾਲ ਦਾ ਸਾਥੀ ਜਾਂ ਸੇਵਕ ਕੁਛ ਢਿੱਲਾ ਮੱਠਾ ਹੈ ਤਾਂ ਆਪਣੀ ਕਿਰਿਆ ਆਪ ਸਾਧਣ ਨੂੰ ਕਦੇ ਹੇਠੀ ਨਹੀਂ ਸਮਝਦੇ ਸਨ। ਇਹੋ ਕਾਰਨ ਹੈ ਕਿ ਆਪ ਨੇ ਸ੍ਰੀ ਸਤਿਗੁਰੁ ਪ੍ਰਤਾਪ ਸਿੰਘ ਜੀ ਨੂੰ ਅਨੇਕਾਂ ਵਾਰ ਦੀਵਾਨਾਂ ਵਿੱਚ ਆਪ ਹੀ ਲੋਕਾਂ ਨੂੰ ਬੈਠਾਂਦਿਆਂ ਜਾਂ ਪ੍ਰੋਗਰਾਮ ਦੱਸਦਿਆਂ ਵੇਖਿਆ ਹੋਵੇਗਾ।

ਮਿਹਰਬਾਨ ਫ਼ਰਮਾਉਂਦੇ - ਕੋਈ ਗੱਲ ਜੋ ਅਸੀਂ ਆਪ ਕਰ ਸਕਦੇ ਹਾਂ ਉਸ ਲਈ ਬਿਗਾਨੇ ਦਾ ਆਸਰਾ ਲੱਭਦੇ ਫਿਰਨਾਂ ਤਾਂ ਸਿਰੇ ਦੀ ਕਮਜ਼ੋਰੀ ਅਤੇ ਵਕਤ ਦੀ ਬਰਬਾਦੀ ਹੈ। ਆਪਣਾ ਕੰਮ ਆਪ ਕੀਤਿਆਂ ਸਵੈ-ਭਰੋਸਾ, ਸ਼ਕਤੀ ਤੇ ਉੱਦਮ ਵੱਧਦਾ ਹੈ।

"ਇਕ ਤਿਲ ਨਹੀ ਭੰਨੈ ਘਾਲਿਆ" ਦਾ ਗੁਰਵਾਕ ਸਤਿਗੁਰੂ ਜੀ ਨੇ ਕਿਵੇਂ ਸਫ਼ਲ ਕੀਤਾ, ਇਹ ਵੀ ਜਾਣਨ ਯੋਗ ਹੈ। ਸਤਿਗੁਰੁ ਪ੍ਰਤਾਪ ਸਿੰਘ ਜੀ ਦੇ ਪਾਸ ਆ ਕੇ ਜਿਨ੍ਹਾਂ ਨਾਮਧਾਰੀ ਨੌਜਵਾਨਾਂ ਜਾਂ ਬਜ਼ੁਰਗਾਂ ਨੇ ਸੇਵਾ ਕੀਤੀ ਉਨ੍ਹਾਂ ਦਾ ਖਾਣ, ਪਹਿਨਣ, ਰਹਿਣ ਆਦਿ ਦਾ ਪ੍ਰਬੰਧ ਤਾਂ ਗੁਰੂ ਕਾ ਲੰਗਰ ਕਰਦਾ ਹੀ ਸੀ; ਪਰ ਦੀਨ ਦਿਆਲ ਉਨਾਂ ਯੁਵਕਾਂ ਦੀ ਘਾਲਣਾ ਨੂੰ ਸਦਾ ਹੀ ਚੇਤੇ ਰੱਖਦੇ। ਜਿਨ੍ਹਾਂ ਜਵਾਨਾਂ ਨੇ ਆਪਣੇ ਘਰਾਂ ਵਿੱਚ ਰਹਿ ਕੇ ਕਦੇ ਵੀ ਵਿਆਹੇ ਨਹੀਂ ਸੀ ਜਾਣਾ। ਉਨ੍ਹਾਂ ਲਈ ਦਇਆਲੂ ਸਤਿਗੁਰ ਨੇ ਵਿਆਹ ਰਚਾਏ ਤੇ ਜਿਨ੍ਹਾਂ ਨੇ ਆਪਣੇ ਯਤਨਾਂ ਨਾਲ ਕਦੇ ਵੀ ਜ਼ਮੀਨ ਦਾ ਮਰਲਾ ਨਹੀਂ ਸੀ ਖਰੀਦ ਸਕਣਾ, ਉਨ੍ਹਾਂ ਨੂੰ ਜ਼ਮੀਨਾਂ ਦਿੱਤੀਆਂ। ਅਨੇਕਾਂ ਨਿਥਾਵੇਂ ਤੇ ਨਿਮਾਣੇ ਨਾਮਧਾਰੀਆਂ ਨੂੰ ਮਾਣ ਅਤੇ ਥਾਵਾਂ ਦੇ ਕੇ ਸੁਹਣੇ ਜੀਵਨ ਦਾ ਮੌਕਾ ਦਿੱਤਾ।

ਪਰ ਉਦਾਰਤਾ ਨਿਰੀ ਸੇਵਾ ਕਰਨ ਵਾਲਿਆਂ ਵਾਸਤੇ ਹੀ ਮਹਦੂਦ ਨਹੀਂ ਸੀ। ਇਹਦਾ ਪਸਾਰਾ ਉਨ੍ਹਾਂ ਅਨੇਕਾਂ ਹੋਰ ਗਰੀਬ ਨਾਮਧਾਰੀਆਂ ਵਾਸਤੇ ਵੀ ਸੀ, ਜਿਹੜੇ ਰੁਲਦੇ ਫਿਰਦੇ ਤੇ ਸਮਾਜ ਦੇ ਅਪਾਹਜ ਅੰਗ ਸਮਝੇ ਜਾਂਦੇ ਸਨ।

ਸਤਿਗੁਰੂ ਜੀ ਬਚਨ ਕਰਦੇ - ਮੇਰਾ ਜੀਅ ਕਰਦਾ ਹੈ ਦੁਨੀਆਂ ਦਾ ਜੋ ਕੁਝ ਚੰਗਾ ਹੈ ਉਹ ਨਾਮਧਾਰੀਆਂ ਪਾਸ ਹੋਵੇ। ਚੰਗੇ ਲੱਛਣ, ਵਧੀਆ ਗੁਣ, ਰਜਵੀਂ ਮਾਇਆ, ਨਿਸ਼ਕਾਮ ਭਾਵਨਾ ਅਤੇ ਮਹਾਨ ਸਾਤਵਿਕਤਾ ਹਰੇਕ ਨਾਮਧਾਰੀ ਦਾ ਸ਼ਿੰਗਾਰ ਹੋਵੇ।

ਤੇ ਕੋਈ ਸ਼ੱਕ ਨਹੀਂ ਕਿ ਇਹ ਸਭ ਕੁਝ ਨਾਮਧਾਰੀਆਂ ਨੂੰ ਪ੍ਰਾਪਤ ਹੋ ਰਿਹਾ ਹੈ ਤੇ ਹੋਵੇਗਾ।

ਆਪਣੇ ਸਮਾਜ ਅਤੇ ਇਸ ਦੇ ਮੈਂਬਰਾਂ ਲਈ ਅਪਣੱਤ ਸ੍ਰੀ ਸਤਿਗੁਰੂ ਜੀ ਦਾ ਇਕ ਹੋਰ ਵਿਵਹਾਰਕ ਗੁਣ ਸੀ, ਜਿਸ ਨਾਲ ਉਹ ਦੂਰ ਤੋਂ ਦੂਰ ਜਾਂਦੇ ਬੰਦੇ ਨੂੰ ਕੀਲ ਲੈਂਦੇ ਸਨ। ਮਿਸਾਲ ਵਜੋਂ ਮੈਂ ਉਨ੍ਹਾਂ ਪਾਸ ਹੀ ਪੜ੍ਹ, ਲਿਖ, ਵੱਡਾ ਹੋ ਕੇ, ਕੁਝ ਕਾਰਨਾਂ ਅਧੀਨ ਚੌਦਾਂ ਸਾਲ ਤੱਕ ਉਨਾਂ ਦੇ ਦਰਸ਼ਨ ਨਹੀਂ ਕੀਤੇ। ਸਵਰਗਵਾਸ ਤੋਂ ਤਿੰਨ ਸਾਲ ਪਹਿਲਾਂ, ਜਦ ਦੇਵਨੇਤ ਆ ਦਰਸ਼ਨ ਕੀਤੇ ਤਾਂ ਮੈਂ ਇਕ ਕਮਿਊਨਿਸਟ ਸਾਂ। ਆਪ ਜੀ ਨੇ ਮੈਨੂੰ ਸਤਿਜੁਗ ਦੀ ਸੰਪਾਦਕੀ ਦੇ ਦਿੱਤੀ ਤੇ ਨਾਲ ਬਚਨ ਕੀਤਾ – "ਅਖ਼ਬਾਰ ਸਾਡੀ ਪਾਲਿਸੀ ਨਾਲ ਚਲਾਣਾ ਹੈ। ਤੂੰ ਭਾਵੇਂ ਕਮਿਊਨਿਸਟ ਹੀ ਰਹੋ। ਤੈਨੂੰ ਅਸੀਂ ਕੁਛ ਨਹੀਂ ਕਹਾਂਗੇ। ਸਾਡੀ ਡਿਊਟੀ ਠੀਕ ਤਰ੍ਹਾਂ ਨਿਭਾਈਂ।" ਮੈਨੂੰ ਦਿਸਦਾ ਪਿਆ ਸੀ ਕਿ ਉਹ ਆਪਣੇ ਹੀ ਬੇਟੇ ਨੂੰ ਪਾਸ ਰੱਖਣ ਲਈ ਇਹ ਖੁੱਲ੍ਹਾਂ ਦੇ ਰਹੇ ਸਨ।

ਅੰਮ੍ਰਿਤਸਰ ਇਕ ਕਾਨਫ਼ਰੰਸ ਤੇ ਗਿਆਂ ਮੈਂ ਕਾਮਰੇਡ ਜਗਜੀਤ ਸਿੰਘ ਅਨੰਦ ਅਤੇ ਕਾਮਰੇਡ ਗੁਰਮੇਜ ਸਿੰਘ ਬਾਬਤ ਵਾਕਫ਼ੀ ਦਿਵਾਂਦਿਆਂ ਸ਼ਬਦ ਵਰਤੇ : "ਦੀਨ ਦਿਆਲ, ਇਹ ਸਾਡੀ ਪਾਰਟੀ ਦੇ ਰੋਜ਼ਾਨਾ ਅਖ਼ਬਾਰ ਦੇ ਵਿਦਵਾਨ ਲੇਖਕ ਤੇ ਲੀਡਰ ਹਨ, ਅਤੇ ਇਹਨਾਂ (ਗੁਰਮੇਜ ਸਿੰਘ ਜੀ) ਨੇ ਅਸੈਂਬਲੀ ਲਈ ਸ. ਕੈਰੋ ਦੇ ਖ਼ਿਲਾਫ ਚੋਣ ਲੜੀ ਹੈ।" 'ਸਾਡੀ ਪਾਰਟੀ' ਮੇਰੇ ਕਹਿਣ ਤੇ ਅਤੇ ਸਤਿਗੁਰਾਂ ਦੇ ਸੁਣਨ ਤੇ, ਸਾਡੇ ਦੋਹਾਂ ਦੇ ਜੀਅ ਨੂੰ ਕੁਛ ਹੋਇਆ। ਦੂਜੇ ਬੰਨੇ ਕਾਮਰੇਡ ਵੀ ਇਸ 'ਦਲੇਰੀ' ਲਈ ਅਚੰਭਤ ਸਨ।

ਛੇ ਮਹੀਨੇ ਬਾਅਦ ਸਤਿਗੁਰੂ ਜੀ ਨੇ ਕਿਸੇ ਚਲਦੀ ਗੱਲ ਵਿਚ ਮੈਨੂੰ ਵਾਤਸਲ ਪਿਆਰ ਨਾਲ ਕਿਹਾ – "ਕਵੀ, ਤੈਨੂੰ ਪਤਾ ਹੈ ਜਦੋਂ ਤੂੰ ਅੰਮ੍ਰਿਤਸਰ 'ਮੇਰੀ ਪਾਰਟੀ' ਕਿਹਾ ਸੀ ਤਾਂ ਮੈਨੂੰ ਆਪਣੀ ਚੀਜ਼ ਹੀ ਬਗਾਨੀ ਹੋਈ ਦਿਸਦੀ ਸੀ।" ਮੈਂ ਅਰਜ਼ ਕੀਤਾ – "ਇਹ ਤੁਸੀਂ ਹੀ ਹੋ, ਜਿਨ੍ਹਾਂ ਦੀਆਂ ਦਿੱਤੀਆਂ ਖੁੱਲ੍ਹਾਂ ਸਾਨੂੰ ਪ੍ਰੇਮ ਦੀ ਨਜ਼ਰਬੰਦੀ ਵਿੱਚ ਰੱਖ ਸਕਦੀਆਂ ਹਨ।"

ਪਤਿੱਤਪਾਵਨ ਸਤਿਗੁਰੂ ਜੀ ਦੀ ਮਿੱਤਰਤਾ ਵਿਵਹਾਰਕ ਪੱਖੋਂ ਏਨੀ ਉਚੇਰੀ ਸੀ ਕਿ ਲੇਸ ਮਾਤਰ ਵੀ ਉਸ ਵਿੱਚ ਗ਼ਰਜ਼ ਨਹੀਂ ਸੀ ਹੁੰਦੀ। ਮਿੱਤਰਾਂ ਬਾਬਤ ਦੋਹਾਂ ਭਰਾਵਾਂ (ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਤੇ ਮਹਾਰਾਜ ਨਿਹਾਲ ਸਿੰਘ ਜੀ) ਦੇ ਵਿਚਾਰ ਵੱਖ-ਵੱਖ ਸਨ। ਇਕ ਦੇ ਵਿਚਾਰ ਸਨ ਕਿ ਕਿਸੇ ਦੀ ਮਿੱਤ੍ਰਤਾ ਦਾ ਲਾਭ ਹੀ ਕੀ ਜੇ ਉਸ ਨੇ ਕੋਈ ਕੰਮ ਨਹੀਂ ਸਵਾਰਨਾ। ਜਦੋਂ ਕਿ ਸਤਿਗੁਰੂ ਜੀ ਦਾ ਨਿਸ਼ਾਨਾ ਕੇਵਲ ਪਰਸਪਰ ਕਦਰ ਤੇ ਸਮਝ ਨੂੰ ਵਧਾਣਾ ਹੀ ਸੀ। ਉਹ ਕਹਿੰਦੇ ਮਿੱਤਰ ਤੋਂ ਮੰਗ, ਵੱਧਦੀ-ਵੱਧਦੀ ਬੇ-ਸੁਆਦੀ ਤੇ ਜਾ ਖਲੋਂਦੀ ਹੈ। ਮਿੱਤਰ ਉਹ ਜੋ ਆਪਣੇ ਆਪ ਇਕ ਦੂਜੇ ਦੀ ਲੋੜ ਤੇ ਥੁੜ੍ਹ ਨੂੰ ਸਮਝੇ ਅਤੇ ਸਮੇਂ ਸਿਰ ਸਹਾਇਤਾ ਕਰੇ।

ਆਪ ਦੀਨ ਦਿਆਲ ਜੀ ਨੇ ਮਿੱਤਾ ਦੇ ਇਸ ਵਿਵਹਾਰ ਨੂੰ ਜ਼ਿੰਦਗੀ ਭਰ ਨਿਭਾਇਆ। ਪਰ ਜਦੋਂ ਭਾਈ ਘਸੀਟਾ ਸਿੰਘ ਦੇ ਕਤਲ ਕੇਸ ਸਮੇਂ ਸਰਕਾਰੀ ਜ਼ਿਆਦਤੀਆਂ ਦਾ ਚੱਕਰ ਚੱਲਿਆ ਤਾਂ ਸਤਿਗੁਰੂ ਜੀ ਨੇ ਕਿਸੇ ਆਪਣੇ ਮਿੱਤਰ ਨੂੰ ਆਪਣੇ ਵਲੋਂ ਕਿਸੇ ਮੱਦਦ ਲਈ ਨਹੀਂ ਕਿਹਾ।

ਸੱਚੇ ਪਾਤਸ਼ਾਹ ਜੀ ਨੇ ਨਾਮਧਾਰੀ ਪੰਥ ਵਿੱਚ ਕਦੇ ਵੀ ਕਿਸੇ ਦੂਜੀ ਪਾਰਟੀ ਦੀ ਹੋਂਦ ਗਵਾਰਾ ਨਹੀਂ ਕੀਤੀ। ਸਾਡੇ ਮਨਾਂ ਵਿੱਚ ਤਾਂ ਪੰਥ ਨੂੰ ਰਾਜਨੀਤਕ ਪੱਖੋਂ ਹੀ ਵੇਖਣ ਦੀ ਵਧੀਕ ਵੇਰ ਕਾਮਨਾ ਹੁੰਦੀ ਸੀ, ਪਰ ਉਹ ਇਸ ਨੂੰ ਨਾਨਕ-ਚਲਾਏ-ਮਿਸ਼ਨ ਦੇ ਆਧਾਰ ਤੇ ਧਾਰਮਿਕ ਪੱਖ ਤੋਂ ਹੀ ਅਗਵਾਈ ਬਖ਼ਸ਼ਦੇ ਰਹੇ। ਦੂਜਾ ਭਾਵ ਪੈਦਾ ਕਰਨ ਵਾਲ ਗਰੁਪ ਜਾਂ ਗਰੋਹ ਨੂੰ ਖ਼ਤਮ ਕਰਨ ਲਈ ਸਤਿਗੁਰੂ ਜੀ ਨੇ ਸਮੁੱਚੇ ਨਾਮਧਾਰੀਆਂ ਦੀ ਏਕਤਾ ਨੂੰ ਇਕ ਇਕਾਈ ਦੇ ਰੂਪ ਵਿੱਚ ਜਗਾਇਆ। ਆਪ ਦਾ ਬਚਨ ਹੁੰਦਾ ਕਿ ਜੇ ਪਾਰਟੀਆਂ ਬਣ ਜਾਣ ਤਾਂ ਚੌਧਰਾਂ ਦੇ ਝਗੜੇ ਵੀ ਲਾਜ਼ਮੀ ਅਮਲ ਹੈ। ਚੌਧਰਾਂ ਨੂੰ ਬਰਕਰਾਰ ਰੱਖਣ ਜਾਂ ਖੋਹਣ ਲਈ ਵੱਖ-ਵੱਖ ਸਟੇਜਾਂ ਤੇ ਜੇ ਨਾਮਧਾਰੀ ਹੀ ਖਲੋ ਕੇ ਇਕ ਦੂਜੇ ਦੀ ਵਿਰੋਧਤਾ ਕਰਨ ਲਗੇ ਤਾਂ ਸਾਡੇ ਪੱਲੇ ਕੀ ਰਹੇਗਾ।

ਰਾਜਨੀਤਕ ਪਾਰਟੀਆਂ ਵਿਚ ਨਾਮਧਾਰੀਆਂ ਨੂੰ ਏਸੇ ਲਈ ਸ਼ਾਮਲ ਨਹੀਂ ਸਨ ਹੋਣ ਦਿੰਦੇ ਕਿ ਜੇ ਨਾਮਧਾਰੀ ਕਾਂਗਰਸ, ਸੋਸ਼ਲਿਸਟ, ਕਮਿਊਨਿਸਟ ਆਦਿ ਪਾਰਟੀਆਂ ਵਿਚ ਵੜ ਗਏ ਤਾਂ ਇਹ ਆਪਣੀ ਪਾਰਟੀ ਦੇ ਨਜ਼ਰੀਏ ਅਧੀਨ ਦੂਜੇ ਤੇ ਚਿੱਕੜ ਉਛਾਲਿਆ ਕਰਨਗੇ।

ਆਪ ਦੀ ਜ਼ਿੰਦਗੀ ਵਿੱਚ ਕੋਈ ਇੱਕ ਯਤਨ ਪੰਥ ਅੰਦਰ ਪਾਰਟੀਆਂ ਜਾਂ ਗਰੋਹਾਂ ਲਈ ਹੋਏ ਜਿਨ੍ਹਾਂ ਨੂੰ ਆਪ ਨੇ ਕਮਾਲ ਕੁਸ਼ਲਤਾ ਨਾਲ ਨਿਰਉਤਸਾਹਤ ਕੀਤਾ।

ਇਸ ਦਲਬੰਦੀ ਤੋਂ ਬੱਚਣ ਲਈ ਆਪ ਜੀ ਦਾ ਜੋ ਅਮੋਘ ਅਸਤਰ ਸੀ, ਉਹ ਸੀ ਨਾਮਧਾਰੀਆਂ ਦੇ ਨਾਮਧਾਰੀਆਂ ਨਾਲ ਰਿਸਤੇ। ਸਤਿਗੁਰੂ ਜੀ ਨੇ ਸਖ਼ਤੀ ਨਾਲ ਨਾਮਧਾਰੀ ਮੁੰਡੇ-ਕੁੜੀਆਂ ਦੇ ਵਿਆਹ ਕੇਵਲ ਨਾਮਧਾਰੀਆਂ ਵਿੱਚ ਹੀ ਕਰਵਾਏ। ਉਹ ਜਾਣਦੇ ਸਨ ਕਿ ਦੂਜੇ ਲੋਕਾਂ ਨਾਲ ਰਿਸਤੇ ਨਾਤੇ ਦੀ ਸਾਂਝ ਤੁਰਿਆਂ ਦੂਜਿਆਂ ਦੇ ਵਿਚਾਰ ਵੀ ਨਾਮਧਾਰੀਆਂ ਅੰਦਰ ਪਨਪਣਗੇ ਤੇ ਇਸ ਤਰ੍ਹਾਂ ਸਾਡੇ ਮੁੰਡੇ-ਕੁੜੀਆਂ ਨਾਮਧਾਰੀਪੁਣੇ ਤੋਂ ਹੱਥ ਧੋ ਬਹਿਣਗੇ।

ਰਿਸਤੇ ਨਾਤਿਆਂ ਬਾਬਤ ਇਸੇ ਨਜ਼ਰੀਏ ਨੇ ਨਾਮਧਾਰੀਆਂ ਦੀ ਏਕਤਾ ਵਿੱਚ ਭਰਪੂਰ ਹਿੱਸਾ ਪਾਇਆ। ਜਦੋਂ ਵੀ ਕਿਸੇ ਸੱਜਣ ਦੇ ਵਿਰੋਧੀ ਵਿਚਾਰਾਂ ਵਖਾਲੀ ਦਿੱਤੀ, ਰਿਸ਼ਤੇਦਾਰਾਂ ਦੇ ਜ਼ੋਰ ਨੇ ਉਸ ਨੂੰ ਮੁੜ ਘਰ ਪਰਤਣ ਲਈ ਕਾਇਲ ਜਾਂ ਮਜਬੂਰ ਕਰ ਦਿੱਤਾ।

ਦੀਨਾ ਬੰਧੂ ਜੀ ਦੇ ਅੰਦਰਲੇ ਸੁਹਜ ਸੁਆਦ ਨੇ

ਵਿਵਹਾਰਕ ਤੌਰ ਤੇ ਬਾਹਰ ਵੀ ਪ੍ਰਗਟਾਵਾ ਕੀਤਾ। ਉਹਨਾਂ ਦੇ ਅੰਦਰਲੇ ਸੁਆਦ ਦਾ ਫੁਹਾਰਾ ਏਨਾਂ ਜ਼ੋਰਦਾਰ ਸ਼ਕਤੀ ਨਾਲ ਚਲਦਾ ਰਿਹਾ ਕਿ ਉਨ੍ਹਾਂ ਦੇ ਦੁਆਲੇ ਦੇ ਹਰ ਕੁਹਜ ਜਾਂ ਅਵਸਥਾ ਨੇ ਉਸ ਨੂੰ ਕਦੇ ਮੱਧਮ ਨਹੀਂ ਪੈਣ ਦਿੱਤਾ। ਉਸ ਦਾ ਅਨੰਦ ਨਾਲਦਿਆਂ ਜਾਂ ਜਾਣਕਾਰਾਂ ਨੂੰ ਆਪ ਤੋਂ ਆਪ ਮਿਲਦਾ ਰਹਿੰਦਾ, ਪਰ ਮੈਂ ਉਨ੍ਹਾਂ ਦੇ ਪਸ਼ੂਆਂ ਦੇ ਨਾਮਕਰਣ ਤੋਂ ਹੀ ਆਪ ਨੂੰ ਉਸ ਦਾ ਝਲਕਾਰਾ ਪੁਆਂਦਾ ਹਾਂ। ਉਨ੍ਹਾਂ ਦੇ ਰੱਖੇ ਨਾਮ ਬੜੇ ਸਾਰਥਕ ਤੇ ਪ੍ਰਭਾਵ ਭਰੇ ਹੁੰਦੇ; ਜਿਵੇਂ ਮੱਝਾਂ ਦੇ ਨਾਮ ਲਓ : ਸੋਹਣੀ, ਪਿਆਰ, ਫੁੱਲ, ਹੀਰ, ਲਾਜੋ, ਰਾਂਝੇ ਆਦਿ। ਗਊਆਂ ਦੇ ਨਾਵਾਂ ਨੂੰ ਨੋਟ ਕਰੋ : ਪੁਤਲੀ, ਗੰਗਾ, ਜਮਨਾ, ਸੁਰਸਤੀ, ਨਵਰਤਨ, ਨੌਲਖੀ, ਸੱਸੀ, ਸੁਰੱਯਾ ਤੇ ਮੀਨਾ ਆਦਿ। ਤੇ ਇਹ ਨਾਮ ਉਨਾਂ ਦੀਆਂ ਘੋੜੀਆਂ ਦੇ ਹਨ : ਛੈਲ, ਕੈਲ, ਪੰਜਾਬਣ, ਦਿਲਦਾਰ, ਸ਼ੀਹਣੀ, ਸ਼ਕੁੰਤਲਾਂ, ਫੁਲਝੜੀ, ਵਿਜੈ ਹਿੰਦ ਆਦਿ।

ਘੋੜੇ - ਬਬਰ ਬਾਹਨ, ਬਾਜ, ਜੈ ਭਾਰਤ, ਵਿਜੈ ਭਾਰਤ, ਪਵਨ, ਕੇਸਰੀ ਆਦਿ...।

ਉਠਣ, ਬੈਠਣ, ਖਾਣ, ਪੀਣ, ਬਸਤਰ ਪਹਿਨਣ, ਕੰਘਾ ਕਰਨ, ਦਸਤਾਰ ਸਜਾਣ ਵਿੱਚ ਉਹਨਾਂ ਦਾ ਨਿਰਾਲਾ ਹੁਸਨ ਹੁੰਦਾ। ਆਪ ਦਾ ਫ਼ਰਮਾਣ ਸੀ: "ਜਦੋਂ ਕੁਝ ਚੀਜ਼ਾਂ ਰੋਜ਼ਾਨਾ ਹੀ ਸਾਡੇ ਕਰਨ ਵਾਲੀਆਂ ਹਨ ਤਾਂ ਉਹਨਾਂ ਵਿੱਚ ਸੁਹਜ ਦੀ ਝਲਕ ਕਿਉਂ ਨਾ ਮਿਲੇ। ਹਰ ਚੀਜ਼ ਨੂੰ ਹੁਨਰ ਦੀ ਸ਼ਕਲ ਕਿਉਂ ਨਾ ਦਿੱਤੀ ਜਾਵੇ।"

ਜਿਥੇ ਆਪ ਇਕ ਸਤ-ਸਨਾਤਨ ਪੰਥ ਦੇ ਪਰਮਮੁਖੀ ਸਨ, ਓਥੇ ਆਪ ਨੇ ਅਨਮਤੀਆਂ ਨਾਲ ਵੀ ਪੂਰੀ ਖਲੂਸ ਦਿਲੀ ਵਰਤੀ। ਪਿਆਰ ਕਰਨ ਵਾਲਿਆਂ ਨੂੰ ਗਲ ਲਾਂਦਿਆਂ ਉਹ ਕਦੇ ਸੰਕੋਚ ਵਿਚ ਨਾ ਆਏ। ਅਨ-ਧਰਮੀਆਂ ਨਾਲ ਉਨ੍ਹਾਂ ਦੀ ਰਵਾਦਾਰੀ ਹੈਰਾਨ ਕਰਨ ਵਾਲੀ ਸੀ।

ਇਸ ਦੇ ਨਾਲ ਹੀ ਆਪ ਨੇ ਹਰੇਕ ਤਰ੍ਹਾਂ ਦੀ ਰਾਜਸੀ ਜਾਂ ਧਾਰਮਿਕ ਪਰਪਕ ਵਿਅਕਤੀ ਦੀ ਹਿਰਦਿਓ ਕਦਰ ਕੀਤੀ। ਨਾਮਧਾਰੀਆਂ ਦੀ ਵੋਟ ਸ਼ਕਤੀ ਨੂੰ ਆਪ ਇਸੇ ਢੰਗ ਨਾਲ ਵਰਤਦੇ। ਜੇ ਕਾਂਗਰਸ ਨੂੰ ਆਮ ਤੌਰ ਤੇ ਵੋਟਾਂ ਕਰਨੀਆਂ ਹਨ ਤਾਂ ਦੂਜੀਆਂ ਪਾਰਟੀਆਂ ਦੇ ਯੋਗ ਮੁਖੀਆਂ ਨੂੰ ਵੀ ਜ਼ਰੂਰ ਵੋਟ ਪਾਏ। ਸਤਿਗੁਰੂ ਜੀ ਕਹਿੰਦੇ : "ਮੈਂ ਤਾਂ ਹਰੇਕ ਪਾਰਟੀ ਦੇ ਚੰਗੇ ਆਦਮੀ ਦੀ ਕਦਰ ਕਰਦਾ ਹਾਂ। ਮੇਰੀ ਆਪਣੀ ਕੋਈ ਪਾਰਟੀ ਨਹੀਂ।" ਕਾਂਗਰਸ ਨੂੰ ਵੋਟ ਦੇ ਕੇ ਉਹ ਸਮਝਦੇ ਸਨ ਕਿ ਸੱਤਾ ਸੰਭਾਲਣ ਦੇ ਅਜੇ ਇਹੋ ਯੋਗ ਹੈ। ਕੋਈ ਦੂਜੀ ਪਾਰਟੀ ਇਸ ਦਾ ਸਾਹਮਣਾ ਕਰਨ ਵਾਲੀ ਅਜੇ ਬਣੀ ਨਹੀਂ।

ਇਹਨਾਂ ਸਾਰੀਆਂ ਪਾਰਟੀਆਂ ਨਾਲ ਆਪਣੀ ਵਿਵਹਾਰਕ ਸਾਂਝ ਦਾ ਫਾਰਮੂਲਾ ਵੀ ਉਨ੍ਹਾਂ ਪਾਸ ਹੈ ਸੀ। ਜਿਵੇਂ ਕਿ ਆਪ ਫੁਰਮਾਂਦੇ :

"ਕਾਂਗਰਸ ਨੂੰ ਬਹੁਤੀਆਂ ਵੋਟਾਂ ਇਸ ਕਰਕੇ ਦਿੰਦੇ ਹਾਂ, ਕਿ ਇਸ ਨੇ ਦੇਸ਼ ਦੀ ਸੁਤੰਤਰਤਾ ਦਾ ਸੰਗਰਾਮ ਲੜਿਆ ਹੈ ਤੇ ਇਸ ਵੇਲੇ ਰਾਜ ਸਤਾ ਸੰਭਾਲਨ ਦੇ ਵੀ ਇਹੋ ਯੋਗ ਹੈ।"

ਕਮਿਊਨਿਸਟਾਂ ਦਾ ਨਿਸਵਾਰਥ ਜਨ-ਸੇਵਾ ਕਰਨਾ ਮੈਨੂੰ ਸਦਾ ਚੰਗਾ ਲਗਦਾ ਹੈ। ਪਰ ਜਨਸੰਘੀਆਂ ਦੀ ਗੋ-ਸੇਵਾ ਵੀ ਮੈਨੂੰ ਪ੍ਰੇਰਦੀ ਹੈ, ਕਿਉਂਕਿ ਸਾਡੇ ਪੁਰਖਿਆਂ ਗਊ ਗਰੀਬ ਦੇ ਭਲੇ ਲਈ ਹੱਸ-ਹੱਸ ਕੁਰਬਾਨੀਆਂ ਕੀਤੀਆਂ ਸਨ।

ਸਿੱਖਾਂ ਦੀ ਏਕਤਾ ਮਜ਼ਬੂਤ ਕਰਨ, ਉਨ੍ਹਾਂ ਦੀ ਪਾਟਕ ਮਿਟਾਣ ਤੇ ਪਰਸਪਰ ਖਿਚੋਤਾਣ ਨੂੰ ਮੁੱਖ ਰਖਦਿਆਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੇ ਅਸੂਲਾਂ ਨੂੰ ਕੁਝ ਸਮੇਂ ਲਈ ਤਿਆਗ ਕੇ ਵੀ ਯਤਨ ਕੀਤੇ। ਇਕ ਸਟੇਜ ਤੇ ਸਿੱਖਾਂ ਦੇ ਵਿਰੋਧੀ ਧੜਿਆਂ ਹਿੰਦੂ-ਸਿੱਖ ਤੇ ਹਿੰਦੂ-ਮੁਸਲਮਾਨਾਂ ਨੂੰ ਬੈਠਣ ਲਈ ਆਪ ਨੇ ਬੇ-ਬਹਾ ਖਰਚ ਕੀਤਾ। ਇਸ ਦੇ ਮੁਆਵਜ਼ੇ ਬਾਬਤ ਉਨ੍ਹਾਂ ਕਦੇ ਸੋਚਿਆ ਹੀ ਨਹੀਂ ਸੀ। ਆਪ ਜੀ ਦਾ ਕਥਨ ਸੀ : "ਮੇਰਾ ਫ਼ਰਜ਼ ਹੀ ਬਣਦਾ ਹੈ ਕਿ ਮੈਂ ਏਕਤਾ ਲਈ ਯਤਨ ਕਰਦਾ ਰਹਾਂ। ਕਿਸੇ ਦੀ ਹੋਂਦ ਨੂੰ ਖ਼ਤਮ ਕਰਨਾ ਤਾਂ ਖੁਦਾਈ ਕਹਿਰ ਦੀ ਆਪ ਜ਼ਿੰਮੇਵਾਰੀ ਲੈਣਾ ਹੈ, ਕਿਸੇ ਦੇ ਮਾਰਿਆਂ ਕੋਈ ਮਰਦਾ ਨਹੀਂ ਤਾਂ ਫਿਰ ਸਾਰੇ ਜਣੇ ਆਪਣੇ-ਆਪਣੇ ਅਕੀਦੇ ਮੁਤਾਬਕ ਰਲ ਕੇ ਕਿਉਂ ਨਾ ਚੱਲਣ। ਰੱਬ ਨਾਲ ਪਿਆਰ ਕਰਨ ਵਾਲੇ ਤਾਂ ਪਰਸਪਰ ਲੜ ਝਗੜ ਨਹੀਂ ਸਕਦੇ।" ਆਪ ਜੀ ਨੇ ਸਾਰਿਆਂ ਮੱਤਾਂ ਦੇ ਪ੍ਰਾਪੇਗੰਡੇ ਨੂੰ ਇਕ ਨਵ ਵਿਵਹਾਰਕ ਸੇਧ ਦਿੱਤੀ "ਭੰਡੋ ਕਿਸੇ ਨੂੰ ਨਾ, ਆਪਣੀਆਂ ਖੂਬੀਆਂ ਦਾ ਪ੍ਰਚਾਰ ਕਰੋ।"

ਵੱਡੇ-ਵੱਡੇ ਮੁਖਾਲਫ਼ਾਂ ਨਾਲ ਰਲ ਕੇ ਚਲਣਾ ਉਨ੍ਹਾਂ ਨੂੰ ਕਿੱਡਾ ਸੁਚੱਜਾ ਆਉਂਦਾ ਸੀ। ਇਕ ਵਾਰ ਵਿਰੋਧ ਪੱਖ ਦੇ ਵਜ਼ੀਰ ਨੂੰ ਆਪ ਨੇ ਦੀਵਾਨ ਵਿਚ ਆਪ ਹੀ ਪੇਸ਼ ਕਰਨਾ ਸੀ। ਪੰਜ ਮਿੰਟਾਂ ਦੇ ਸੰਖੇਪ ਭਾਸ਼ਣ ਵਿਚ ਇਸ ਤਰ੍ਹਾਂ ਉਸ ਨੂੰ ਬੇਲਾਗੀਅਤ ਨਾਲ ਪੇਸ਼ ਕੀਤਾ ਕਿ ਅਸੀਂ ਹੈਰਾਨ ਰਹਿ ਗਏ।

ਬਾਦ ਵਿੱਚ ਪੁਛਣ ਤੇ ਆਪ ਨੇ ਦਸਿਆ 'ਬਹੁਤਾ ਖਤਰਾ ਸਪਸ਼ਟ ਵਿਰੋਧੀ ਤੋਂ ਨਹੀਂ ਹੁੰਦਾ। ਸੱਪ ਨੂੰ ਅਸੀਂ ਚਿਮਟੇ ਜਾਂ ਬੋਰੀ ਨਾਲ ਸੰਭਲ ਕੇ ਫੜ ਲਵਾਂਗੇ - ਪਰ ਖਤਰਾ ਤਾਂ ਉਸ ਅਪਰਗਟ ਵਿਰੋਧੀ ਤੋਂ ਹੁੰਦਾ ਹੈ ਜੋ ਆਪਣੇ ਆਪ ਨੂੰ ਲੁਕਾ ਕੇ ਰੱਖੇ। ਸੰਨ੍ਹੀ ਨਾਲ ਤਾਂ ਤਪਿਆ ਲੋਹਾ ਵੀ ਫੜਿਆ ਜਾ ਸਕਦਾ ਹੈ। ਸੁਆਲ ਇਹ ਹੈ ਕਿ ਤੁਹਾਡਾ ਜੇਰਾ ਮਹਾਨ ਹੋਵੇ।'

ਨਾਲ ਹੀ ਉਹ ਮੁਖਾਲਫ ਦੀ ਮੁਖਾਲਫ਼ਤ ਨੂੰ ਏਡੀ ਛੇਤੀ ਭੁਲਣ ਵਾਲੇ ਸਨ, ਜਿੰਨਾ ਕੋਈ ਹੋਰ ਨਹੀਂ ਹੋ ਸਕਦਾ। ਜਦੋਂ ਕਿਸੇ ਨੇ ਆਪਣੀ ਗਲਤੀ ਦਾ ਸੱਚੇ ਮਨੋਂ ਇਕਬਾਲ ਕਰ ਲਿਆ, ਦੂਜੀ ਘੜੀ ਹੀ ਉਹ ਸਤਿਗੁਰੂ ਜੀ ਦਾ ਰਾਜ਼ਦਾਰ ਬਣ ਗਿਆ।

**ਬਾਕੀ ਸਫ਼ਾ ਨੰ. 26 'ਤੇ**

# ਜਿਸਨੋ ਲਗਾ ਰੰਗੁ........

## ਸੰਤ ਸੁਖਦੇਵ ਸਿੰਘ ਜੀ ਦਿੱਲੀ



**ਜਥੇ. ਨਿਸ਼ਾਨ ਸਿੰਘ 'ਦਿੱਲੀ'**
**99990-56361**

ਸੰਤ ਸੁਖਦੇਵ ਸਿੰਘ ਜੀ ਸੱਚ ਮੁੱਚ ਹੀ ਸੰਤ ਸਰੂਪ ਸਨ। ਦਰਮਿਆਨਾ ਕੱਦ, ਕਣਕ ਵੰਨਾਂ ਪਰ ਨਾਮ ਖੁਮਾਰੀ ਸਦਕਾ ਲਾਲ ਭਖਦਾ ਚਿਹਰਾ, ਦੁੱਧ ਚਿੱਟਾ ਪਰ ਮੋਤੀ-ਚਮਕ ਮਾਰਦਾ ਦਾਹੜਾ, ਤੁਰਨ ਦੀ ਰਵਾਨੀ ਸੱਠ ਸਾਲਾ ਉਮਰ ਵਿੱਚ ਵੀ ਸੋਲਾਂ ਸਾਲ ਵਰਗੀ। ਆਪ ਜੀ ਦਾ ਜਨਮ 15-08-1960 ਨੂੰ ਹੋਇਆ। ਅਧਿਆਤਕ ਮਾਰਗ ਤੇ ਤੁਰਨ ਦੀ ਪ੍ਰੇਰਨਾ ਪਿਤਾ ਸੰਤ ਮਹਿੰਦਰ ਸਿੰਘ ਕੋਲੋਂ ਵਿਰਾਸਤ 'ਚ ਪ੍ਰਾਪਤ ਹੋਈ। ਪਿਤਾ ਜੀ ਵੀ ਨਾਮ ਦੇ ਰਸੀਏ ਸਨ। ਇਕ ਵਾਰ ਜਪ ਪ੍ਰਯੋਗ ਦੌਰਾਨ ਸਤਿਗੁਰੂ ਜਗਜੀਤ ਸਿੰਘ ਜੀ ਇਕ ਵੱਜੇ ਹਰੀ ਮੰਦਿਰ ਆਏ ਤਾਂ ਅੱਗੇ ਸੰਤ ਮਹਿੰਦਰ ਸਿੰਘ ਜੀ ਬੈਠੇ ਭਜਨ ਕਰ ਰਹੇ ਸਨ। ਅਗਲੇ ਦਿਨ ਸਤਿਗੁਰੂ ਜੀ 12 ਵਜੇ ਆਏ ਤਾਂ ਸੰਤ ਜੀ ਉਦੋਂ ਵੀ ਬੈਠੇ ਸਨ। ਅਗਲੇ ਦਿਨ ਸਤਿਗੁਰੂ ਜੀ 11 ਵਜੇ ਆ ਗਏ ਤਾਂ ਸੰਤ ਜੀ ਉਦੋਂ ਵੀ ਬੈਠੇ ਸਨ। ਸਤਿਗੁਰੂ ਜੀ ਬਚਨ ਕੀਤਾ "ਮਹਿੰਦਰ ਸਿਆਂ ਮੈਂ ਤੇਰੇ ਤੋਂ ਨਹੀਂ ਜਿੱਤ ਸਕਦਾ"। ਸੱਚਮੁੱਚ ਹੀ ਨਾਮ 'ਚ ਰੱਤੇ ਹੋਏ ਜਿੱਤ ਜਾਂਦੇ ਹਨ "ਤੇਰੈ ਨਾਇ ਰਤੇ ਸੇ ਜਿਣਿ ਗਏ"।

ਸੰਤ ਸੁਖਦੇਵ ਸਿੰਘ ਜੀ ਅਜੇ 2 ਦਿਨਾਂ ਦੇ ਹੀ ਸਨ ਤਾਂ ਦਾਦੀ ਸਵਰਨ ਕੌਰ ਨੇ, ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ 'ਚ ਰੱਖਕੇ ਅਰਜ਼ ਕੀਤੀ "ਸਚੇ ਪਾਤਸ਼ਾਹ ਇਹ ਆਪ ਜੀ ਦੀ ਦਾਤ ਹੈ ਆਪ ਜੀ ਆਪਣੇ ਚਰਨਾਂ ਨਾਲ ਲਗਾ ਲਵੋ"। ਥੋੜ੍ਹੇ ਵੱਡੇ ਹੋਏ ਤਾਂ ਮਾਤਾ ਪੂਰਨ ਕੌਰ ਦੇ ਬਾਰ-ਬਾਰ ਸਮਝੌਣ 'ਤੇ ਵੀ ਆਪਣੇ ਕੇਸਾਂ ਦਾ ਜੂੜਾ ਨਹੀਂ ਸਨ ਕਰਦੇ। ਮਾਤਾ ਨੇ ਸਤਿਗੁਰੂ ਜੀ ਨੂੰ ਅਰਜ਼ ਕੀਤੀ। ਸਤਿਗੁਰੂ ਜਗਜੀਤ ਸਿੰਘ ਜੀ ਮੰਜੇ ਤੇ ਬੈਠੇ ਸਨ। ਬਾਲ ਸੁਖਦੇਵ ਸਿੰਘ ਨੂੰ ਆਪਣੇ ਦੋਵੇਂ ਗੋਡਿਆਂ 'ਚ ਘੁੱਟ ਕੇ ਹਸਤ-ਕਮਲਾਂ ਨਾਲ ਕੇਸ ਇਕੱਠੇ ਕਰਕੇ ਜੂੜਾ ਕੀਤਾ, ਨਾਲ ਦਸਤਾਰ ਸਜਾਈ ਤੇ ਬਚਨ ਕੀਤਾ" ਮੈਂ ਸਿੱਖੀ ਦੀ ਨੀਂਹ ਰੱਖਣ ਲੱਗਾ ਹਾਂ"। ਜਿਹੜੀ ਨੀਂਹ ਸਤਿਗੁਰੂ ਜੀ ਨੇ ਆਪਣੇ ਹਸਤ-ਕਮਲਾਂ ਨਾਲ ਤੇ ਬਚਨ ਕਰਕੇ ਰੱਖੀ ਹੋਵੇ ਫਿਰ ਉਸ ਨੂੰ ਕੌਣ ਹਿਲਾ ਸਕਦਾ ਹੈ?

ਪਰਿਵਾਰ ਦੇ ਸਾਰੇ ਹੀ ਵੱਡੇ ਜੀਆਂ ਦੀ ਸੋਧ ਸੀ ਇਸ ਲਈ ਗੁਰ ਮਰਿਆਦਾ ਰੱਖਣ 'ਚ ਕੋਈ ਦਿੱਕਤ ਨਾ ਹੋਈ। ਬਹਾਦੁਰਗੜ੍ਹ (ਦਿੱਲੀ) ਪਰਿਵਾਰ ਦੀ ਰਿਹਾਇਸ਼ ਸੀ। ਸਤਿਗੁਰੂ ਜੀ ਜਦੋਂ ਵੀ ਇਸ ਰਸਤੇ ਤੋਂ ਦਿੱਲੀ ਨੂੰ ਜਾਂਦੇ ਤਾਂ ਜਰੂਰ ਹੀ ਇਸ ਘਰ ਦਰਸ਼ਨ ਦੇਕੇ, ਨਾਲ ਪ੍ਰਸ਼ਾਦਾ ਛੱਕ ਕੇ ਜਾਂਦੇ। ਸੰਤ ਜੀ ਦੱਸਦੇ ਹੁੰਦੇ ਸਨ ਕਿ ਮੇਰੀ ਦਾਦੀ ਪਹਿਲਾ ਹੀ ਦਸ ਦਿੰਦੀ ਹੁੰਦੀ ਸੀ "ਕਿ ਅੱਜ ਸਤਿਗੁਰੂ ਜੀ ਦਰਸ਼ਨ ਦੇਣਗੇ"। ਇਥੋਂ ਤੱਕ ਕਿ ਪ੍ਰਸ਼ਾਦਾ ਵੀ ਬਣਾ ਕੇ ਰੱਖ ਲੈਣਾ ਕਿ ਜਦੋਂ ਸਤਿਗੁਰੂ ਜੀ ਆਏ ਤਾਂ ਉਹਨਾਂ ਨੂੰ ਉਡੀਕ ਨਾ ਕਰਨੀ ਪਵੇ ਪ੍ਰਸ਼ਾਦੇ ਲਈ। ਇਸ ਦਾ ਜ਼ਿਕਰ ਕਵੀ ਪ੍ਰੀਤਮ ਸਿੰਘ ਜੀ ਦੁਆਰਾਂ ਰਚਿਤ ਬੀਤੇ ਦੀਆਂ ਪੈੜਾਂ 'ਚ ਕਈ ਥਾਈਂ ਮਿਲਦਾ ਹੈ। ਵਿਹਾਰਕ ਪੱਖ ਤੋਂ 14-15 ਸਾਲ ਦੀ ਉਮਰ ਤੋਂ ਲੈਕੇ ਤਕਰੀਬਨ 45 ਸਾਲ ਦੀ ਉਮਰ ਤੱਕ ਬੱਸ ਬਾਡੀਆਂ ਦਾ ਕੰਮ ਕੀਤਾ। ਕੁੱਝ ਸਾਲ ਕੋਰੀਆ ਦੇਸ਼ ਵੀ ਕੰਮ ਕਰਨ ਲਈ ਗਏ। ਸੰਤ ਜੀ ਦੱਸਦੇ ਹੁੰਦੇ ਸਨ ਕਿ "ਮੈਂ ਆਪਣੇ ਮਾਲਕ ਨੂੰ ਆਖਣਾ ਕਿ ਮੈਨੂੰ ਇਕੱਠਾ ਹੀ ਕੰਮ ਦੇ ਦਿਓ। ਸਤਿਗੁਰੂ ਜੀ ਐਸੀ ਕਿਰਪਾ ਕਰਨੀ ਸ਼ਹੀਦ ਸਿੰਘ ਭੇਜ ਦੇਣੇ ਤੇ ਮੈਂ ਤਿੰਨ-ਤਿੰਨ ਦਿਨ ਦਾ ਕੰਮ ਇਕੋ ਦਿਨ 'ਚ ਹੀ ਕਰ ਦੇਣਾ। ਮੇਰੇ ਨਾਲਦੇ ਸਾਥੀਆਂ ਹੈਰਾਨ ਹੋਣਾ ਕਿ ਇਹ ਏਨੀ ਜਲਦੀ ਕੰਮ ਕਿਦਾਂ ਕਰ ਲੈਂਦਾ ਹੈ? ਪਰ ਉਹਨਾਂ ਨੂੰ ਕੀ ਪਤਾ ਸੀ ਕਿ ਕੰਮ ਤਾਂ ਸ਼ਹੀਦ ਸਿੰਘ ਕਰਦੇ ਨੇ। ਬਾਕੀ ਸਮਾਂ ਫਿਰ ਮੈਂ ਨਾਮ ਸਿਮਰਣ ਕਰਨਾ ਬੈਠਕੇ"। ਫਿਰ ਸਤਿਗੁਰੂ ਜੀ ਹੁਕਮ ਕੀਤਾ" ਸੁਖਦੇਵ ਹੁਣ ਪੈਸੇ ਕਮਾਉਣ ਲਈ ਕੰਮ ਨਹੀਂ ਕਰਨਾ...... ਤੂੰ ਹੁਣ ਮੇਰਾ ਕੰਮ ਕਰਿਆ ਕਰ....ਭਜਨ ਕਰਿਆ ਕਰ.....ਤੇਰੇ ਸਾਰੇ ਕੰਮ ਮੈਂ ਆਪੇ ਕਰਾਂਗਾਂ।" ਸੰਤ ਜੀ ਸਤ ਬਚਨ ਆਖ ਦਿੱਤਾ। ਫਿਰ ਬਾਕੀ ਜਿੰਦਗੀ ਬਸ ਭਜਨ ਕਰਦਿਆਂ ਹੀ ਬਿਤੀਤ ਕੀਤੀ।

2013 'ਚ ਦਿਸੰਬਰ ਦੇ ਮਹੀਨੇ ਸਾਡੇ ਮੁਹੱਲੇ ਸਤਿਗੁਰੂ ਉਦੇ ਸਿੰਘ ਜੀ ਨੇ ਘਰ-ਘਰ ਚਰਨ ਪਾਉਣੇ ਸਨ। ਕੁਝ ਘਰਾਂ 'ਚ ਪਹਿਲਾਂ ਚਰਨ ਪੈ ਚੁੱਕੇ ਸਨ। ਸਤਿਗੁਰੂ ਜੀ ਵਲੋਂ ਸਖ਼ਤ ਆਦੇਸ਼ ਸੀ ਕਿ ਕੇਵਲ ਉਹਨਾਂ ਘਰਾਂ 'ਚ ਹੀ ਜਾਣਾ ਏ ਜਿੰਨਾ 'ਚ ਪਹਿਲਾਂ ਨਹੀਂ ਗਏ। ਸੰਤ ਜੀ ਦੇ ਘਰ ਪਹਿਲਾਂ

ਵੀ ਸਤਿਗੁਰੂ ਜੀ ਚਰਨ ਪਾਏ ਸਨ। ਸੰਤ ਜੀ ਨੇ ਪ੍ਰਬੰਧਕਾਂ ਨੂੰ ਇਸ ਵਾਰ ਵੀ ਆਪਣੇ ਘਰ ਚਰਨ ਪੁਆਉਣ ਲਈ ਬੇਨਤੀ ਕੀਤੀ। ਪਰ ਪ੍ਰਬੰਧਕਾਂ ਨੇ ਗੁਰੂ ਹੁਕਮ ਸੁਣਾ, ਨਾਂਹ ਕਰ ਦਿਤੀ। ਮੇਰੇ ਕੋਲ ਆਏ ਕਿ ਤੂੰ ਅਰਜ ਕਰ। ਮੈਂ ਵੀ ਆਖਿਆ "ਕਿ ਸਤਿਗੁਰੂ ਜੀ ਪਹਿਲਾਂ ਹੀ ਹੁਕਮ ਕੀਤਾ ਹੈ ਕਿ ਦੂਜੀ ਵਾਰ ਨਹੀਂ ਜਾਣਾ ਕਿਸੇ ਦੇ ਵੀ ਘਰ"। ਮੈਨੂੰ ਕਹਿੰਦੇ ਚੰਗਾ। ਸੰਤ ਜੀ ਦੇ ਘਰ ਦੇ ਲਾਗੇ ਗਲੀਆਂ 'ਚ 10 ਕੁ ਨਾਮਧਾਰੀ ਪਰਿਵਾਰਾਂ ਘਰ ਚਰਨ ਪੈਣੇ ਸਨ। ਥੋੜੀ ਦੇਰ ਬਾਅਦ ਮੇਰੇ ਕੋਲ ਆਏ ਤੇ ਆਖਣ ਲੱਗੇ "ਮੈਂ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਅਰਜ਼ ਕਰ ਦਿੱਤੀ ਏ ਕਿ ਤੁਸੀਂ ਏਨਾ (ਹਜ਼ੂਰ ਸਤਿਗੁਰੂ ਉਦੇ ਸਿੰਘ ਜੀ) ਨੂੰ ਹੁਕਮ ਕਰੋ ਕਿ ਮੇਰੇ ਘਰ ਜ਼ਰੂਰ ਦਰਸ਼ਨ ਦੇਣ.....ਵੇਖੀਂ ਹੁਣ ਆਪੇ ਹੀ ਆਉਣਗੇ"।ਸੱਚੀਂ ਏਦਾਂ ਹੀ ਹੋਇਆ । ਸਤਿਗੁਰੂ ਜੀ,ਸੰਤ ਜੀ ਦੇ ਘਰ ਦੇ ਬਿਲਕੁਲ ਸਾਹਮਣੇ ਦੁਕਾਨ ਚ ਚਰਨ ਪਾਕੇ ਬਾਹਰ ਨਿਕਲੇ 'ਤੇ ਨਾਲ ਹੀ ਸੰਤਾਂ ਵੱਲ ਵੇਖ ਕੇ ਬਚਨ ਕੀਤੋ ਨੇ " ਸੰਤ ਜੀ ਤੁਹਾਡਾ ਘਰ ਕਿੱਥੇ ਹੈ ?" ਸੰਤ ਜੀ ਵੈਰਾਗੀ ਹੋ ਗਏ ਤੇ ਆਖਿਆ "ਜੀ ਘਰ ਤਾਂ ਸਾਹਮਣੇ ਹੈ ਪਰ ਇਹ ਮੇਰਾ ਨਹੀਂ ਆਪ ਜੀ ਦਾ ਹੈ"। ਸਤਿਗੁਰੂ ਜੀ ਹੁਕਮ ਕੀਤਾ "ਚਲੋ ਫਿਰ ਚਲੀਏ"। ਸਾਰੇ ਵੇਖਦੇ ਰਹਿ ਗਏ ਸਤਿਗੁਰੂ ਜੀ ਤੇ ਸੰਤ ਜੀ ਤੀਜੀ ਮੰਜਿਲ 'ਤੇ ਚੜ ਗਏ। ਵੈਸੇ ਤਾਂ ਸੰਤ ਜੀ ਨੂੰ ਕੋਈ ਖ਼ਾਸ ਗੁਰਬਾਣੀ ਜਾਂ ਕਵਿਤਾ ਯਾਦ ਨਹੀਂ ਸੀ ਪਰ 4 ਪੰਕਤੀਆਂ ਕਵਿਤਾ ਦੀਆ ਬੜੀ ਵਾਰੀ ਸੁਣਾਇਆ ਕਰਦੇ ਸਨ।



"ਇਕ ਦਿਨ ਪ੍ਰੇਮ ਦੇ ਮਹਿਕਮੇ ਮੈਂ ਗਿਆ
ਓਥੇ ਪ੍ਰੇਮ ਨੇ ਮੇਰੀ ਵਡਿਆਈ ਲੁੱਟ ਲਈ।
ਓਥੇ ਗਿਆ ਸਾਂ ਅਕਲ ਕੁਝ ਸਿਖਣੇ ਨੂੰ
ਸਗੋਂ ਪ੍ਰੇਮ ਨੇ ਮੇਰੀ ਦਨਾਈ ਲੁੱਟ ਲਈ।
ਪ੍ਰੇਮ ਲੁਟਿਆ ਪੀਰ ਪੈਗੰਬਰਾਂ ਨੂੰ
ਬਾਦਸ਼ਾਹਾਂ ਦੀ ਬਾਦਸ਼ਾਹੀ ਲੁੱਟ ਲਈ।
ਤੇਰਾ ਲੁਟਿਆ ਕੀ ਅਜੇ ਸਾਈਂ ਲੋਕਾ
ਇਸ ਪ੍ਰੇਮ ਖੁਦਾ ਦੀ ਖੁਦਾਈ ਲੁੱਟ ਲਈ।

ਜਵਾਨੀ ਸਮੇਂ ਹਰ ਸਾਲ ਮਹੀਨਾ ਭਰ ਜਪ ਪ੍ਰਯੋਗ 'ਚ ਸ੍ਰੀ ਭੈਣੀ ਸਾਹਿਬ ਜਰੂਰ ਜਾਣਾ। ਸਤਿਗੁਰੂ ਜੀ ਨੇ ਕਈ ਵਾਰੀ ਸੰਗਤ ਦੀ ਗਿਣਤੀ ਕਰਨ ਦੀ ਸੇਵਾ ਬਖ਼ਸ਼ ਦੇਣੀ। ਸਵੇਰੇ ਅੰਮ੍ਰਿਤ ਵੇਲੇ ਉਠ ਇਸ਼ਨਾਨ ਕਰ ਤਕਰੀਬਨ 4 ਘੰਟੇ ਭਜਨ ਕਰਨਾ। ਫਿਰ ਦੁਪਹਿਰੇ ਵੀ 2 ਘੰਟੇ ਤੇ ਸ਼ਾਮ ਨੂੰ 7 ਤੋਂ ਅੱਠ ਤੱਕ ਤੱਕ ਭਜਨ ਜ਼ਰੂਰ ਕਰਦੇ ਸਨ। ਨਿਤਨੇਮ ਕਰਦਿਆਂ ਆਸਨ ਜਰੂਰ ਵਿਛਾਉਂਦੇ ਸਨ। ਉਚੇਚਾ ਮਾਲਾ ਬਣਵਾ ਕੇ ਸਤਿਗੁਰੂ ਜੀ ਦੇ ਹਸਤਕਮਲ ਲਗਵਾ ਕੇ ਫਿਰ ਭਜਨ ਕਰਦੇ ਸਨ।

ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇ ਮੈਂ ਹਫ਼ਤਾ ਹਫ਼ਤਾ ਵੀ ਸੰਤ ਜੀ ਨਾਲ ਸ੍ਰੀ ਭੈਣੀ ਸਾਹਿਬ ਰਿਹਾਂ ਹਾਂ। ਸਾਰੀ ਦਿਹਾੜੀ ਚ 3-4 ਘੰਟੇ ਤੋਂ ਜਿਆਦਾ ਕਦੀ ਵੀ ਸੁੱਤਿਆਂ ਨਹੀਂ ਦੇਖਿਆ। ਗੁਰੂ ਕਿਰਪਾ ਦੇ ਖੁਲ੍ਹੇ ਭੰਡਾਰੇ ਵਰਤਦੇ ਦੇਖੇ। ਦੀਵਾਨ ਸੁਣਦਿਆਂ ਕਈ ਵਾਰੀ ਮਸਤਾਨੇ ਹੋ ਜਾਂਦੇ ਸਨ। ਇਕ ਦਿਨ ਮੈਨੂੰ ਆਖਣ ਲੱਗੇ "ਅੱਜ ਮੈਂ ਸਤਿਗੁਰੂ ਜੀ ਨੂੰ ਅਰਜ਼ ਕਰ ਦਿੱਤੀ ਏ, ਕਿ ਮੈਨੂੰ ਆਪਣੇ ਆਪ ਦੀ ਸੁਧ ਨਹੀਂ ਰਹਿੰਦੀ ਪਰ ਵੇਖਣ ਵਾਲੇ ਮੇਰੇ 'ਤੇ ਹਸਦੇ ਨੇ 'ਤੇ ਇਹ ਵੀ ਕਹਿੰਦੇ ਨੇ ਕਿ ਇਹ ਪਾਖੰਡ ਕਰਦਾ ਏ, ਕਿਰਪਾ ਕਰੋ ਮੇਰੀ ਇਹ ਹਾਲਤ ਤੁਸੀਂ ਨਾ ਕਰਿਆ ਕਰੋ"। ਇਹਨਾਂ ਨੂੰ ਕੌਣ ਸਮਝਾਵੇ ਕਿ "ਆਪ ਨਾ ਬਉਰਾ ਰਾਮ ਕੀਓ ਬਉਰਾ"। ਉਸ ਦਿਨ ਤੋਂ ਬਾਅਦ ਮਸਤਾਨੇ ਨਹੀਂ ਹੋਏ।

ਜਦੋ ਵੀ ਅਸੀਂ ਦਿੱਲੀਓਂ ਦਰਸ਼ਨ ਕਰਨ ਲਈ ਤੁਰਨਾ, ਤਾਂ ਸੰਤ ਜੀ ਨੇ ਪਹਿਲਾ ਹੀ ਦੱਸ ਦੇਣਾ ਕਿ ਅਸੀਂ ਕਿਸ ਤਰ੍ਹਾਂ ਕੋਠੀ ਜਾਵਾਂਗੇ, ਕਿਹੜਾ ਸੇਵਕ ਹੋਵੇਗਾ, ਫਿਰ ਅਸੀਂ ਅਰਜ਼ ਕਰਾਂਗੇ, ਫਿਰ ਅਸੀਂ ਕਿਸ ਤਰ੍ਹਾਂ ਚਰਨਾਂ ਤੇ ਮੱਥਾ ਟੇਕਾਂਗੇ ਆਦਿ ਆਦਿ। ਸੱਚਮੁੱਚ, ਇਸੇ ਤਰਾਂ ਹੀ ਹੁੰਦਾ ਸੀ। ਜਿਨ੍ਹਾਂ ਵਰ੍ਹਿਆਂ ਚ ਸਤਿਗੁਰੂ ਜਗਜੀਤ ਸਿੰਘ ਦੇਹ ਕਰਕੇ ਬਹੁਤ ਘੱਟ ਨੇਤਰ ਖੋਲ ਕੇ ਦਰਸ਼ਨ ਦਿੰਦੇ ਹੁੰਦੇ ਸਨ, ਉਸ ਸਮੇਂ ਦੌਰਾਨ ਵੀ ਜਦੋ ਸੰਤ ਜੀ ਨੇ ਮੱਥਾ ਟੇਕਣ ਜਾਣਾ ਤਾਂ ਸਤਿਗੁਰੂ ਜੀ ਜ਼ਰੂਰ ਹੀ ਨੇਤਰ ਖੋਲਕੇ ਦਰਸ਼ਨ ਦੇਣੇ। 20 ਦਿਸੰਬਰ 2012 ਦਾ ਦਿਨ ਸੀ। ਸਤਿਗੁਰੂ ਜਗਜੀਤ ਸਿੰਘ ਜੀ ਦੇ ਜੋਤਿ ਜੋਤਿ ਸਮਾਉਣ ਤੋਂ

ਬਾਅਦ ਪਹਿਲੀ ਵਾਰ ਸ੍ਰੀ ਭੈਣੀ ਸਾਹਿਬ ਜਾ ਰਹੇ ਸਾਂ। ਮੇਰੇ ਨਾਲ ਮੇਰਾ ਛੋਟਾ ਭਰਾ ਬਲਕਾਰ ਤੇ ਇਕ ਮਿੱਤਰ ਬਸੰਤ ਸਿੰਘ ਵੀ ਸੀ। ਮੈਂ ਸੰਤ ਜੀ ਨੂੰ ਪੁੱਛਿਆ ਕਿ ਸੰਤ ਜੀ ਇਸ ਵਾਰ ਸਾਨੂੰ ਕਿਦਾਂ ਦਰਸ਼ਨ ਹੋਣਗੇ ਅਸੀਂ ਕਿਸਨੂੰ ਅਰਜ਼ ਕਰਾਂਗੇ ਚਰਨਾਂ ਤੇ ਮੱਥਾ ਟੇਕਣ ਲਈ? ਦੋ ਚਾਰ ਮਿੰਟ ਸੋਚਕੇ ਮੈਨੂੰ ਆਖਣ ਲੱਗੇ "ਇਸ ਵਾਰੀ ਅਸੀਂ ਨਹੀਂ ਅਰਜ਼ ਕਰਨੀ..... ਸਤਿਗੁਰੂ ਜੀ ਆਪ ਆਉਣਗੇ ਸਾਡੇ ਕੋਲ ਤੇ ਅਸੀਂ ਮੱਥਾ ਟੇਕਾਂਗੇ"। ਉਦੋਂ ਹਜ਼ੂਰ ਸਤਿਗੁਰੂ ਉਦੇ ਸਿੰਘ ਜੀ ਨੂੰ ਚਾਰ ਕੁ ਦਿਨ ਹੋਏ ਸਨ ਗੁਰਗੱਦੀ ਤੇ ਸੁਭਾਇਮਾਨ ਹੋਇਆਂ ਨੂੰ। ਉਹਨੀ ਦਿਨੀਂ ਗੁਰਗੱਦੀ ਦੇ ਦਾਅਵੇਦਾਰਾਂ ਦੇ ਕੁਝ ਹੋਰ ਚੇਹਰਿਆਂ ਦੀ ਚਰਚਾ ਵੀ ਬੜੀ ਸੀ ਸੰਗਤ 'ਚ। ਮੈਂ ਵੀ ਸੋਚਿਆ ਐਸੇ ਸਮੇ 'ਚ ਜੇ ਸੰਤ ਜੀ ਦੁਆਰਾਂ ਕੀਤਾ ਹੋਇਆ ਬਚਨ ਪੂਰਾ ਹੋ ਗਿਆ ਤਾਂ ਮੇਰਾ ਵੀ ਭੁਲੇਖਾ ਖਤਮ ਹੋ ਜਾਵੇਗਾ। ਅਸੀਂ ਕੋਠੀ ਦੇ ਬਾਹਰ ਖੜ੍ਹੇ ਸਾਂ.... ਥਾਈਲੈਂਡ, ਇੰਗਲੈਂਡ, ਦਿੱਲੀ ਤੇ ਹੋਰ ਵੀ ਸ਼ਹਿਰਾਂ ਦੀ ਕਾਫ਼ੀ ਸੰਗਤ ਖੜ੍ਹੀ ਸੀ। ਅਸੀਂ ਸਾਰਿਆਂ ਤੋਂ ਪਿੱਛੇ ਮਾਤਾ ਜੀ ਵਾਲੀ ਕੋਠੀ ਵਾਲੇ ਪਾਸੇ ਖੜ੍ਹੇ ਸਾਂ। ਸਤਿਗੁਰੂ ਜੀ ਕਿਤੇ ਬਾਹਰ ਗਏ ਸਨ। ਸਭ ਨੂੰ ਉਡੀਕ ਸੀ ਕਦੋ ਦਰਸ਼ਨ ਦੇਣਗੇ। ਜਲਦੀ ਹੀ ਗੱਡੀਆਂ ਆ ਗਈਆਂ। ਅੱਗੇ ਤਾਂ ਗੱਡੀਆਂ ਕੋਠੀ ਦੇ ਅੰਦਰ ਜਾਂਦੀਆਂ ਸਨ ਪਰ ਅੱਜ ਸਤਿਗੁਰੂ ਜੀ ਵਾਲੀ ਗੱਡੀ ਕੋਠੀ ਦੇ ਬਾਹਰ ਹੀ ਰੁਕ ਗਈ। ਗਰੀਬ ਨਿਵਾਜ਼ ਜੀ ਬਾਹਰ ਨਿਕਲੇ, ਕਾਫ਼ੀ ਸਰੀਰ ਮੱਥਾ ਟੇਕਣ ਲਈ ਅਗੇ ਹੋਏ। ਪਹਿਲੀ ਵਾਰੀ "ਨਵੇਂ ਸਤਿਗੁਰੂ" ਜੀ ਨੂੰ ਮੱਥਾ ਟੇਕਣ ਲਈ ਮੈਂ ਵੀ ਅੱਗੇ ਜਾਣ ਲਗਾ ਤਾਂ ਸੰਤ ਜੀ ਨੇ ਮੇਰੀ ਬਾਂਹ ਫੜ੍ਹ ਲਈ ਤੇ ਇਸ਼ਾਰਾ ਕੀਤਾ ਰੁੱਕ ਜਾ। ਮੈਂ ਰੁਕਿਆ। ਇਨ੍ਹੇ ਨੂੰ ਸਤਿਗੁਰੂ ਜੀ ਬੜੀ ਤੇਜੀ ਨਾਲ ਸਾਰਿਆਂ ਨੂੰ ਪਿੱਛੇ ਛੱਡ, ਇਕਦਮ ਸਾਡੇ ਕੋਲ ਆ ਗਏ। ਇਸ ਤਰਾਂ ਜਾਪਿਆ ਜਿਸ ਤਰ੍ਹਾਂ ਸਤਿਗੁਰੂ ਜੀ ਨੂੰ ਹੋਰ ਸਾਰਿਆਂ ਕੋਲੋਂ ਮੱਥਾ ਟਿਕਵਾਉਣਾ ਚੰਗਾ ਨਹੀਂ ਸੀ ਲੱਗਾ।......ਆਉਦਿਆਂ ਹੀ ਪੁੱਛਿਆ "ਕੀ ਹਾਲ ਚਾਲ ਹੈ? ਘਰ ਪਰਿਵਾਰ ਸਭ ਠੀਕ ਹੈ ?" ਅਸੀਂ ਚਰਨਾਂ ਤੇ ਮੱਥਾ ਟੇਕਿਆ। ਸਤਿਗੁਰੂ ਜੀ ਅਡੋਲ ਖਲੋਤੇ ਰਹੇ। ਇਸ ਤਰਾਂ ਜਾਪਿਆ ਜਿਸ ਤਰ੍ਹਾਂ ਸਾਰੀ 'ਕਾਹਲ' ਪਿੱਛੇ ਹੀ ਛੱਡ ਆਏ ਹੋਣ।

ਦੁਨਿਆਵੀ ਤੌਰ ਤੇ ਨਾ ਸੰਤ ਜੀ ਅਤੇ ਨਾ ਹੀ ਮੈਂ,ਨਿਜੀ ਤੌਰ ਤੇ ਹਜ਼ੂਰ ਸਤਿਗੁਰੂ ਜੀ ਨੂੰ ਪਹਿਲਾਂ ਕਦੀ ਵੀ ਨਹੀਂ ਸਾਂ ਮਿਲੇ। ਸੰਤ ਜੀ ਦੁਆਰਾਂ ਕੀਤੀ ਗਈ ਪੇਸ਼ੀਨਗੋਈ ਸੱਚ ਹੋਈ। ਇਸ ਤਰਾਂ ਸਤਿਗੁਰੂ ਉਦੇ ਸਿੰਘ ਜੀ ਨੇ, ਸੰਤ ਸੁਖਦੇਵ ਸਿੰਘ ਜੀ ਰਾਹੀਂ ਮੇਰੀ ਸ਼ਰਧਾ ਨੂੰ ਮਜ਼ਬੂਤ ਕੀਤਾ। ਇਤਿਹਾਸ 'ਚ ਪੜ੍ਹੇ ਜਾਂ ਸੁਣੇ ਹੋਏ ਪੁਰਾਤਨ ਸੰਤਾਂ ਦੇ ਕੌਤਕ ਸੰਤ ਸੁਖਦੇਵ ਸਿੰਘ ਜੀ ਰਾਹੀਂ ਪ੍ਰਤੱਖ ਦੇਖੇ।

ਸਰੀਰ ਤਿਆਗਣ ਤੋਂ 2 ਕੁ ਮਹੀਨੇ ਪਹਿਲਾਂ ਮੈਨੂੰ ਮਿੱਲੇ। ਆਖਣ ਲਗੇ "ਸਤਿਗੁਰੂ ਜੀ ਨੇ ਵੀਜ਼ਾ ਲਗਾ ਦਿੱਤਾ ਏ....ਜਿਥੇ ਮਰ ਕੇ ਜਾਣੈ ਉਹ ਥਾਂ ਵਿਖਾ ਦਿਤੀ ਏ..... ਬਾਕੀ ਵੇਖੋ ਟਿਕਟ ਕਿੱਦਣ ਦੀ ਮਿਲਦੀ ਏ?...... ਮੇਰੀ ਦਾਦੀ ਦਾ ਸਸਕਾਰ ਵੀ ਸ੍ਰੀ ਭੈਣੀ ਸਾਹਿਬ ਹੋਇਆ ਤੇ ਮਾਤਾ ਦਾ ਵੀ.....ਮੇਰੇ ਪਿਤਾ ਜੀ ਨੇ ਵੀ ਪਹਿਲਾਂ ਹੀ ਦੱਸ ਦਿੱਤਾ ਸੀ ਕਿ ਮੈਂ ਹੁਣ ਚਲੇ ਜਾਣਾ ਏ.....ਫਿਰ ਉਹ ਸ੍ਰੀ ਭੈਣੀ ਸਾਹਿਬ ਚਲੇ ਗਏ...ਉਥੇ ਹੀ ਸਰੀਰ ਛਡਿਆ... ਉਥੇ ਹੀ ਸਸਕਾਰ ਹੋਇਆ......ਮੇਰਾ ਵੀ ਜੀਅ ਕਰਦੈ ਕਿ ਮੇਰਾ ਸਸਕਾਰ ਵੀ ਸ੍ਰੀ ਭੈਣੀ ਸਾਹਿਬ ਹੀ ਹੋਵੇ"।

ਦਿੱਲੀ ਲਾਕਡਾਉਣ ਲੱਗ ਗਿਆ। ਮੈਂ ਕਦੀ ਵੀ ਸੰਤ ਜੀ ਨੂੰ ਆਪ ਫ਼ੋਨ ਨਹੀਂ ਸੀ ਕੀਤਾ ਬਲਕਿ ਉਹ ਆਪੇ ਹੀ 3-4 ਦਿਨਾਂ ਬਾਅਦ ਫ਼ੋਨ ਕਰ ਦਿੰਦੇ ਸਨ। ਪਿਛਲੇ ਸਾਲ ਵੀ ਲਾਕਡਾਉਣ 'ਚ ਰੋਜ ਫ਼ੋਨ ਕਰਕੇ ਭਜਨ ਕਰਨ ਲਈ ਪ੍ਰੇਰਦੇ ਰਹੇ।......ਮੈਂ ਰੋਜ ਸੋਚਦਾ ਰਿਹਾ ਕਿ ਬੜੇ ਦਿਨ ਹੋ ਗਏ ਨੇ ਸੰਤ ਜੀ ਦਾ ਫ਼ੋਨ ਨਹੀਂ ਆਇਆ......ਪਤਾ ਨਹੀਂ ਕਿਥੇ ਸੁਰਤ ਜੋੜੀ ਬੈਠੇ ਨੇ?

ਅਚਾਨਕ 25-6-2021 ਦੀ ਰਾਤ ਨੂੰ ਖ਼ਬਰ ਮਿਲੀ ਕਿ ਸੰਤ ਜੀ ਸਰੀਰ ਤਿਆਗ ਗਏ ਹਨ। ਸਵੇਰੇ ਸਸਕਾਰ ਹੈ ਸ੍ਰੀ ਭੈਣੀ ਸਾਹਿਬ। ਸੰਤ ਜੀ ਚੜਾਈ ਦਿੱਲੀ ਕੀਤੇ ਸਨ। ਹਾਲਾਤ ਅਨੁਕੂਲ ਨਹੀਂ ਸਨ। ਬੜਾ ਮਨ ਹੋਣ ਦੇ ਬਾਵਜੂਦ ਮੈਂ ਸਸਕਾਰ ਤੇ ਨਹੀਂ ਜਾ ਸਕਿਆ। 27-6-2021 ਨੂੰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਸ੍ਰੀ ਭੈਣੀ ਸਾਹਿਬ ਹੀ ਅੰਤਿਮ ਅਰਦਾਸ ਹੋਈ। ਪਰਿਵਾਰ ਵਜੋਂ ਸੁਪਤਨੀ ਬੀਬੀ ਸੁਖਵਿੰਦਰ ਕੌਰ ਤੇ 2 ਸਪੁੱਤਰ ਸੁਰਿੰਦਰ ਸਿੰਘ ਆਸਟਰੇਲੀਆ ਤੇ ਸਵਰਨ ਸਿੰਘ ਦਿਲੀ ਤੇ 1 ਸਪੁੱਤਰੀ ਸੁਖਬੀਰ ਕੌਰ ਹੈ। ਆਪਣੇ ਜੀਵਨ ਦੇ ਆਖਰੀ 10-15 ਸਾਲ, ਪਰਿਵਾਰਿਕ ਤੇ ਵਿਹਾਰਿਕ ਸਾਰੇ ਧੰਧੇ ਤਿਆਗ ਕੇਵਲ ਨਾਮ ਰੰਗ 'ਚ ਹੀ ਰੰਗੇ ਰਹੇ। ਗੁਰਬਾਣੀ ਦੀ ਪੰਗਤੀ ਸਾਰਥਕ ਕੀਤੀ।

ਸੰਤ ਜੀ ਦੇ ਜਾਣ ਤੋਂ ਬਾਅਦ ਬਾਰ-ਬਾਰ ਉਹਨਾਂ ਨਾਲ ਬਿਤਾਏ ਪੱਲ, ਉਹਨਾਂ ਦੀਆਂ ਸਿੱਖਿਆਵਾਂ ਯਾਦ ਆ ਰਹੀਆਂ ਹਨ। ਅਰਦਾਸ ਹੈ ਗੁਰੂ ਚਰਨਾਂ 'ਚ ਕਿਰਪਾ ਹੋਵੇ ਰਹਿੰਦੀ ਜਿੰਦਗੀ 'ਚ ਇਸਤਰਾਂ ਦੇ ਸਾਧੂਆਂ ਦਾ ਸੰਗ ਫਿਰ ਵੀ ਨਸੀਬ ਹੋਵੇ।

ਜਿਸਨੋ ਲਗਾ ਰੰਗੁ ਸੇ ਰੰਗਿ ਰਤਿਆ
ਓਨਾ ਇਕੋ ਨਾਮੁ ਅਦਾਰੁ ਇਨਾ ਉਨ ਭਤਿਆ॥

..........................................................................

# ਵੰਡ ਦੀ ਦਾਸਤਾਨ
## (ਇੱਕ ਮੁਲਾਕਾਤ)




ਗੁਰਲਾਲ ਸਿੰਘ
97800-97898


**ਇਹ ਮੁਲਾਕਾਤ ਪ੍ਰਧਾਨ ਸਾਧਾ ਸਿੰਘ ਮੁਹਾਰਾਂ ਵਾਲਿਆਂ (ਦਿੱਲੀ) ਨਾਲ ਕੀਤੀ ਗਈ। ਇਸ ਵਿੱਚ ਉਨ੍ਹਾਂ ਅੱਖੀ ਡਿੱਠੀ ਤੇ ਹੱਡੀਂ ਹੰਢਾਈ ਵੰਡ ਦੀ ਦਾਸਤਾਨ ਨੂੰ ਬਿਆਨਿਆ ਹੈ।**
**-ਸੰਪਾਦਕ**

● ਪ੍ਰਧਾਨ ਜੀ ਖਾਨੋਵਾਲੀ ਦੇ ਬਾਵਾ ਸਿੰਘ ਦੀ ਘਟਨਾ ਕੀ ਸੀ ?

- ਜਦੋਂ ਰੌਲੇ ਪਏ ਤਾਂ ਨੰਗਲੀ ਦੁਆਬੇ ਦੇ 80 ਤੇ ਖਾਨੋਵਾਲੀ, ਬਾਸੀ ਕੇ, ਮੱਲ ਆਦਿ ਪਿੰਡਾਂ ਦੇ 382 ਆਦਮੀ ਔਰਤਾਂ ਨੂੰ ਫੜ੍ਹ ਕੇ ਪੁਲੀਸ ਨੇ ਜੇਲ੍ਹ ਭੇਜ ਦਿੱਤਾ। ਉਨ੍ਹਾਂ ਵਿਚ ਸਾਡਾ ਰਿਸ਼ਤੇਦਾਰ ਖਾਨੋਵਾਲੀ ਦਾ ਬਾਵਾ ਸਿੰਘ ਵੀ ਸੀ,

● ਫੜ੍ਹੇ ਕਿਉਂ?

- ਪੁਲੀਸ ਨੂੰ ਇਤਲਾਹ ਸੀ ਕਿ ਇਹ ਕਾਫ਼ਲੇ ਲੋਕਾਂ ਨੂੰ ਲੁੱਟਦੇ ਨੇ ਜ਼ਰਾਇਮ ਪੇਸ਼ਾ ਲੋਕ ਨੇ, ਨਾਲੇ ਉਦੋਂ ਕੌਣ ਪੁੱਛਦਾ ਸੀ, ਠੀਕ ਕਿਹੜਾ ਏ?... ਗਲਤ ਕਿਹੜਾ ਏ?... ਫਿਰ ਉਹ ਸਾਰਾ ਸਿਆਲ ਲੋਕ ਜੇਲ੍ਹ ਰਹੇ, ਬੜੀ ਤੰਗੀ ਸੀ। ਠੰਢ ਤਾਂ ਸਾਡੇ ਇਲਾਕੇ ਵਿੱਚ ਵੈਸੇ ਹੀ ਬਹੁਤ ਹੁੰਦੀ ਸੀ, ਕੱਕਰ ਜੰਮ ਜਾਂਦਾ ਸੀ ਰੂੜੀਆਂ, ਪਰਾਲੀਆਂ 'ਤੇ...। ਠੰਢ ਵਾਲੇ ਦਿਨਾਂ 'ਚ ਇਨ੍ਹਾਂ ਲੋਕਾਂ ਕੋਲ ਕੋਈ ਗਰਮ ਕੱਪੜਾ ਨਾ ਪਾਉਣ ਨੂੰ, ਨਾ ਉੱਤੇ ਲੈਣ ਨੂੰ। ਜੇਲ੍ਹ ਅਧਿਕਾਰੀਆਂ ਨੇ ਵੀ ਕੋਈ ਪ੍ਰਬੰਧ ਨਾ ਕੀਤਾ। ਲੋਕਾਂ ਬੜੇ ਔਖੇ ਦਿਨ ਕੱਟੇ। ਠੰਢ, ਭੁੱਖ, ਮੈਲ ਨਾਲ ਸਿਰ ਤੇ ਸਰੀਰ ਭਰ ਗਏ। ਇੱਕ ਦਿਨ ਪਤਾ ਲੱਗਾ ਕੋਈ ਵੱਡਾ ਅਫ਼ਸਰ ਆਇਆ, ਨਾਲੇ ਉਸ ਸਮੇਂ ਤੱਕ ਕੈਦੀਆਂ ਦੇ ਵਟਾਂਦਰੇ ਸ਼ੁਰੂ ਹੋ ਗਏ ਸਨ। ਦੋਵੇਂ ਦੇਸ਼ ਇਕ ਦੂਜੇ ਦੇ ਕੈਦੀਆਂ ਨੂੰ ਗਿਣਤੀ ਦੇ ਹਿਸਾਬ ਨਾਲ ਵਟਾਂਦਰਾ ਕਰ ਰਹੇ ਸਨ। ਜਦੋਂ ਅਫ਼ਸਰ ਆਇਆ ਤਾਂ ਕੈਦੀਆਂ ਨੇ ਉਸ ਨੂੰ ਮਿਲਣ ਲਈ ਭੁੱਖ ਹੜਤਾਲ ਕਰ ਦਿੱਤੀ। ਉਨ੍ਹੇ ਹੁਕਮ ਦਿੱਤਾ ਦੋ ਬੰਦੇ ਮਿਲ ਸਕਦੇ ਹਨ। ਜਿਹੜੇ ਦੋ ਬੰਦੇ ਮਿਲਣ ਲਈ ਗਏ, ਉਨ੍ਹਾਂ ਵਿੱਚ ਇੱਕ ਹੈੱਡਮਾਸਟਰ ਤੇ ਦੂਜਾ ਸਟੇਸ਼ਨ ਮਾਸਟਰ ਸੀ, ਉਸ ਇਲਾਕੇ ਦਾ। ਜਦੋਂ ਅਫ਼ਸਰ ਕੋਲ ਗਏ ਉਨ੍ਹੇ ਹੈੱਡਮਾਸਟਰ ਨੂੰ ਪਛਾਣ ਲਿਆ, ਉਹ ਹੈੱਡਮਾਸਟਰ ਕੋਲੋਂ ਪੜ੍ਹਿਆ ਸੀ। ਉਹ ਆਖਣ ਲੱਗਾ ਤੁਸੀਂ ਇੱਥੇ ਕਿਵੇਂ ਫਸੇ? ਉਨ੍ਹਾਂ ਸਾਰੀ ਗੱਲ ਦੱਸੀ, ਉਹ ਕਹਿੰਦਾ ਮੈਂ ਸੋਚਿਆ ਕੋਈ ਜ਼ੁਰਾਇਮ ਪੇਸ਼ਾ ਲੋਕ ਨੇ ਹੁਣ ਤੁਸੀਂ ਫਿਕਰ ਨਾ ਕਰੋ ਮੈਂ ਪ੍ਰਬੰਧ ਕਰਦਾ ਹਾਂ। ਤੇਲ, ਸਾਬਣ, ਕੱਪੜੇ, ਗਰਮ ਪਾਣੀ ਸਾਰੇ ਕੈਦੀਆਂ ਨੂੰ ਉਸ ਪਹੁੰਚਾਇਆ, ਨਾਲੇ ਉਹਨੇ ਉੱਤੇ ਇਤਲਾਹ ਭੇਜੀ ਕਿ ਜਲਦੀ 462 ਆਦਮੀਆਂ ਨੂੰ ਹਿੰਦੋਸਤਾਨ ਭੇਜਣ ਦਾ ਪ੍ਰਬੰਧ ਕੀਤਾ ਜਾਵੇ। ਫਿਰ ਉਹ ਲੋਕ ਵਾਘੇ ਬਾਰਡਰ ਦੇ ਰਸਤਿਓਂ ਆਏ। ਜਦੋਂ ਅੰਮ੍ਰਿਤਸਰ ਆਏ ਤਾਂ ਰੱਜ ਰੋਟੀ ਖਾਧੀ, ਜ਼ਿਆਦਾ ਰੋਟੀ ਖਾਣ ਕਰਕੇ ਕਈ ਲੋਕ ਮਰ ਗਏ ਪਤਾ ਨਹੀਂ ਇਹ ਲੋਕ ਕਿੰਨੇ ਦਿਨਾਂ ਦੇ ਭੁੱਖੇ ਸਨ, ਤੇ ਰੋਟੀ ਪਚੀ ਨਾ।

● ਪ੍ਰਧਾਨ ਜੀ ਜਦੋਂ ਵੰਡ ਹੋਈ ਤੁਸੀਂ ਕਿੰਨੇ ਸਾਲਾਂ ਦੇ ਸੀ? ਤੁਹਾਡਾ ਪਿੰਡ ਕਿਹੜਾ ਸੀ? ਤੁਹਾਡੇ ਮਾਤਾ ਪਿਤਾ ਦਾ ਨਾਮ?

- ਮੇਰਾ ਜਨਮ ਗਿਆਰਾਂ ਭਾਦਰੋਂ 1989 ਬਿਕਰਮੀ ਨੂੰ ਹੋਇਆ। ਪਿੰਡ ਦਾ ਨਾਮ ਮੁਹਾਰ, ਤਹਿਸੀਲ ਨਾਰੋਵਾਲ ਜ਼ਿਲ੍ਹਾ ਸਿਆਲਕੋਟ (ਪਾਕਿਸਤਾਨ)। ਮੇਰੇ ਪਿਤਾ ਦਾ ਨਾਮ ਸਰਦਾਰ ਝੰਡਾ ਸਿੰਘ ਸੀ ਤੇ ਮਾਤਾ ਦਾ ਨਾਮ ਬਾਲ ਕੌਰ, ਨਾਨਕੇ ਮੇਰੇ ਮਨਸੂਰ ਪਿੰਡ ਘਣੀਕੇ ਦੇ ਨੇੜੇ। (ਹੁਣ ਰਾਵੀ ਦੇ ਪਾਰਲੇ ਪਾਸੇ ਹੈ)।

● ਤੁਹਾਡੀ ਮੁੱਢਲੀ ਸਿੱਖਿਆ?

- ਮੈਂ ਚੌਥੀ ਤੱਕ ਆਪਣੇ ਪਿੰਡ ਮੁਹਾਰ ਹੀ ਪੜ੍ਹਿਆ, ਪ੍ਰਾਇਮਰੀ ਸਕੂਲ ਸੀ ਸਾਡੇ ਪਿੰਡ, ਜਦੋਂ ਮੈਂ ਪ੍ਰਾਇਮਰੀ ਦਾ ਇਮਤਿਹਾਨ ਦਿੱਤਾ ਤਾਂ ਸਾਡੇ ਪਿਤਾ ਜੀ ਸਾਨੂੰ ਚੰਦੋਵਾਲ ਨਾਮਧਾਰੀਆਂ ਦਾ ਪਿੰਡ ਸੀ ਉਥੇ ਲੈ ਕੇ ਗਏ, ਮੈਂ ਤੇ ਮੇਰਾ ਭਰਾ (ਤਾਏ ਦਾ ਪੁੱਤਰ ਗੁਰਬਖ਼ਸ਼ ਸਿੰਘ) ਨਾਲ ਸੀ। ਚੰਦੋਵਾਲ ਸਤਿਗੁਰੂ ਪ੍ਰਤਾਪ ਸਿੰਘ ਜੀ ਆਏ ਹੋਏ ਸੀ। ਦਰਸ਼ਨ ਕੀਤੇ। ਉੱਥੇ ਸਾਡੇ ਸਕੂਲ ਦੇ ਮਾਸਟਰ ਨਰੈਣ ਸਿੰਘ ਤੇ ਇਕ ਗਿਆਨੀ ਮਾਸਟਰ, ਪਿਤਾ ਜੀ ਨੂੰ ਮਿਲੇ, ਪਿਤਾ ਜੀ ਨੇ ਉਨ੍ਹਾਂ ਨੂੰ ਵੀਹ ਰੁਪਏ ਦਿੱਤੇ, ਮੈਨੂੰ ਤੇ ਮੇਰੇ ਤਾਏ ਦੇ ਲੜਕੇ ਨੂੰ ਦਾਖ਼ਲ ਕਰਾਉਣ ਲਈ। ਵੀਹ ਰੁਪਿਆਂ ਨਾਲ ਦਾਖਲਾ ਵੀ ਹੋ ਗਿਆ ਖਾਲਸਾ ਹਾਈ ਸਕੂਲ ਨਾਰੋਵਾਲ, ਕਿਤਾਬਾਂ ਵੀ ਆ ਗਈਆਂ। ਫਿਰ ਇਸੇ ਖ਼ਾਲਸਾ ਸਕੂਲ ਵਿੱਚ ਅੱਠਵੀਂ ਤੱਕ ਪੜ੍ਹਿਆ, ਮੈਂ ਨੌਵੀਂ 'ਚ ਸੀ ਜਦੋਂ ਵੰਡ ਹੋਈ।

● ਕੀ ਨਾਰੋਵਾਲ, ਸ਼ਹਿਰ ਬਣ ਗਿਆ ਸੀ ਉਦੋਂ?

-ਹਾਂ-ਹਾਂ ਇਕ ਗੱਡੀ ਲਾਹੌਰ ਤੋਂ ਆਉਂਦੀ ਸੀ। ਇਕ ਸਿਆਲਕੋਟ ਤੋਂ, ਇਕ ਅੰਮ੍ਰਿਤਸਰ ਤੋਂ ਅਤੇ ਇਕ ਚੱਕ

ਅਮਰੂ ਤੋਂ, ਚੱਕ ਅਮਰੂ ਸਾਂਝੇ ਰਿਆਸਤ ਨਾਲ ਲੱਗਦਾ ਸੀ।

● ਤੁਹਾਨੂੰ ਕਦੋਂ ਪਤਾ ਲੱਗਾ ਕਿ ਵੰਡ ਹੋਣੀ ਐਂ ?

- ਬੇਦਾਦ ਹੋਲੇ-ਮਹੱਲੇ 'ਤੇ ਮੇਰੇ ਪਿਤਾ ਜੀ ਤੇ ਮੇਰੇ ਤਾਏ ਦਾ ਲੜਕਾ ਹਰਬੰਸ ਸਿੰਘ ਤੇ ਉਸ ਦਾ ਸਾਲਾ, ਉਸ ਦਾ ਨਾਮ ਵੀ ਹਰਬੰਸ ਸਿੰਘ ਸੀ, ਉੱਥੇ ਗਏ ਸਨ। ਹੋਲੇ 'ਤੇ ਸਤਿਗੁਰੂ ਪ੍ਰਤਾਪ ਸਿੰਘ ਦੀ ਹੁਕਮ ਕੀਤਾ ਦੇਸ਼ ਦੀ ਵੰਡ ਹੋ ਜਾਣੀ ਏ। ਬਿਆਸ ਪਾਰ ਹੋ ਜਾਓ, ਨਹੀਂ ਤਾਂ ਰਾਵੀ ਜ਼ਰੂਰ ਪਾਰ ਕਰ ਜਾਉ। ਪਿਤਾ ਜੀ ਹੁਰਾਂ ਪਿੰਡ ਆ ਕੇ ਦੱਸਿਆ ਸਾਰਿਆਂ ਨੂੰ ਸਤਿਗੁਰੂ ਜੀ ਦਾ ਇਹ ਹੁਕਮ ਏ, ... ਪਰ ਨਹੀਂ ਮੰਨਿਆ ਗਿਆ ਕਿਸੇ ਕੋਲੋਂ। ਸਾਡੇ ਪਿੰਡ ਦੇ ਜ਼ਿਮੀਂਦਾਰ ਕਹਿੰਦੇ ਸੀ ਸਾਨੂੰ ਕੌਣ ਹਿਲਾ ਦੇਵੇਗਾ ਸਾਡੀਆਂ ਜੜ੍ਹਾਂ ਪਤਾਲ 'ਚ ਲੱਗੀਆਂ ਨੇ। ਫਿਰ ਜੂਨ ਦੇ ਮਹੀਨੇ ਵਿੱਚ ਸਾਡੇ ਨੇੜੇ ਪਿੰਡ ਸੀ ਮੀਰਕਪੁਰ ਉੱਥੇ ਮੇਲਾ ਹੋਇਆ, ਸਤਿਗੁਰੂ ਪ੍ਰਤਾਪ ਸਿੰਘ ਦੀ ਦਰਸ਼ਨ ਦਿੱਤੇ, ਉਨ੍ਹਾਂ ਫਿਰ ਕਿਹਾ ਸੰਗਤ ਨੂੰ ਬਿਆਸੋਂ ਪਾਰ ਹੋ ਜਾਵੋ, ਨਹੀਂ ਤੇ ਰਾਵੀ ਤਾਂ ਜ਼ਰੂਰ ਪਾਰ ਕਰ ਜਾਵੋ, ਨਹੀਂ ਤੇ ਤੰਗ ਹੋਵੋਗੇ। ਘਰ ਛੱਡਣੇ ਸੌਖੇ ਨਹੀਂ ਹੁੰਦੇ। ਸਾਥੋਂ ਹੁਕਮ ਨਾ ਮੰਨਿਆ ਗਿਆ।



ਪ੍ਰਧਾਨ ਸਾਧਾ ਸਿੰਘ ਜੀ
98188-22702

● ਫਿਰ ਤੁਸੀਂ ਕਦੋਂ ਨਿਕਲੇ ਪਾਕਿਸਤਾਨੋਂ ?

-ਹਾੜ੍ਹ ਦੇ ਮਹੀਨੇ ਵਿੱਚ ਗੜਬੜ ਸ਼ੁਰੂ ਹੋ ਗਈ ਸੀ। ਜਦੋਂ ਪਾਕਿਸਤਾਨ ਦਾ ਐਲਾਨ ਹੋ ਗਿਆ ਤਾਂ ਬਹੁਤ ਸਾਰੇ ਮੁਸਲਮਾਨ ਨਾਅਰੇ ਲਾਉਂਦੇ "ਅੜ ਕੇ ਲਿਆ ਹੈ ਪਾਕਿਸਤਾਨ, ਲੜ ਕੇ ਲਵਾਂਗੇ ਹਿੰਦੁਸਤਾਨ" ਅਸੀਂ 22 ਅਗਸਤ ਨੂੰ ਸ਼ਾਮੀਂ ਤਿੰਨ ਕੁ ਵਜੇ ਪਿੰਡੋਂ ਨਿਕਲੇ। ਆ ਗਏ! ਆ ਗਏ! ਰੌਲਾ ਪੈ ਗਿਆ। ਲੋਕ ਆਖਰੀ ਵਾਰ ਆਪਣੇ ਘਰਾਂ, ਗਲੀਆਂ ਤੇ ਪਿੰਡਾਂ ਨੂੰ ਦੇਖ ਗਿੱਲੀਆਂ ਅੱਖਾਂ ਨਾਲ ਪਰਿਵਾਰ, ਪਸ਼ੂ ਤੇ ਜ਼ਰੂਰੀ ਸਮਾਨ ਲੈ ਕੇ ਤੁਰ ਪਏ। ਸਾਥੋਂ ਕੱਸੋਵਾਲ ਤਿੰਨ ਮੀਲ 'ਤੇ ਸੀ, ਰਾਵੀਓਂ ਪਾਰ ਹਿੰਦੋਸਤਾਨ ਵਾਲੇ ਪਾਸੇ, ਉੱਥੇ ਕਈ ਪਿੰਡ ਇਕੱਠੇ ਹੋਏ ਚੱਕ, ਰਸੀਂਵਾਲ, ਚੰਦੋਵਾਲ, ਰੈਬ, ਡੱਲੇਪੁਰ, ਮੁਰੀਦਕੇ, ਸੈਦੋਕੀ ਮੌਜੂਕੇ ਆਦਿ। ਇਕ ਗੁਰਬਖਸ਼ ਸਿੰਘ ਕੋਟਲੀ ਦਾ ਐਮ.ਐਲ.ਏ ਬਣਿਆ ਸੀ, 1945 ਦੀ ਇਲੈਕਸ਼ਨ 'ਚ। ਉਸਨੂੰ ਸ਼ਤੀਰੀ 'ਤੇ ਰਾਵੀ ਪਾਰ ਕਰਵਾਈ। ਉਹ ਅੰਮ੍ਰਿਤਸਰ ਗਿਆ ਤੇ ਉਥੋਂ ਮਿਲਟਰੀ ਦਾ ਟੈਂਕ ਭੇਜਿਆ। ਜਿਹੜਾ ਡੇਰੇ ਬਾਬੇ ਨਾਨਕ ਦੇ ਪੁਲ ਤੋਂ ਪਾਰ ਕਰ ਸਾਡੇ ਕੋਲ ਆਇਆ। ਫ਼ੌਜੀਆਂ ਨੇ ਫੇਰ ਕਾਫਲਾ ਬਣਾ ਸਾਨੂੰ ਕੱਸੋਵਾਲ ਤੋਂ ਤੋਰਿਆ, ਛੇ-ਸੱਤ ਘੰਟੇ ਲੱਗ ਗਏ, ਪੁਲ ਪਾਰ ਕਰਨ ਨੂੰ। ਹੌਲੀ-ਹੌਲੀ ਤੁਰਦਿਆਂ ਡੇਰੇ ਬਾਬੇ ਨਾਨਕ ਪਹੁੰਚੇ। ਇੱਥੇ ਸਾਰੀ ਧਰਤੀ ਲਾਸ਼ਾਂ ਨਾਲ ਭਰੀ ਸੀ, ਜਥੇ ਬਣੇ ਸੀ, ਜਿਹੜੇ ਲੋਕ ਕਾਫ਼ਲਿਆਂ ਨੂੰ ਲੁੱਟਦੇ ਮਾਰਦੇ ਸੀ। ਨਾਰੋਵਾਲ ਵੱਲ ਮਹਿਲੀ ਸ਼ਾਹ ਦਾ ਜਥਾ ਸੀ ਤੇ ਰਾਵੀ ਪਾਰ ਹਿੰਦੋਸਤਾਨ ਵਾਲੇ ਪਾਸੇ ਕੋਟਲਾ ਗੁੱਜਰਾਂ ਦਾ ਧੀਰੋ ਸੀ। ਇਨ੍ਹਾਂ ਬਹੁਤ ਲੋਕਾਂ ਨੂੰ ਮਾਰਿਆ ਬੜੀ ਦਹਿਸ਼ਤ ਸੀ ਇਨ੍ਹਾਂ ਦੋਵਾਂ ਬੰਦਿਆ ਦੀ। ਅਸੀਂ ਲਾਸ਼ਾਂ ਦੇ ਉੱਤੋਂ ਦੀ ਲੰਘੇ, ਬੜਾ ਭਿਆਨਕ ਦ੍ਰਿਸ਼ ਸੀ। ਹੱਥ-ਪੈਰ ਧੜ-ਸਿਰ ਵੱਖ-ਵੱਖ ਹੋਏ ਕਈ ਮੀਲਾਂ ਵਿੱਚ ਆਦਮੀ ਔਰਤਾਂ ਦੇ ਖਿੱਲਰੇ ਪਏ ਸੀ, ਸਭ ਤੋਂ ਔਖਾ ਕੰਮ ਜੋ ਮੈਂ ਅੱਖਾਂ ਨਾਲ ਵੇਖਿਆ, ਜਦੋਂ ਔਰਤਾਂ ਨੂੰ ਕੁਦਰਤੀ ਜਣੇਪੇ ਦੀ ਪੀੜ ਆਰੰਭ ਹੋ ਜਾਣੀ, ਮੀਂਹ ਪੈਂਦੇ ਵਿੱਚ ਉੱਤੇ ਚਾਦਰ ਤਾਣ ਆਲੇ ਦੁਆਲੇ ਵੀ ਚਾਦਰਾਂ ਦਾ ਓਹਲਾ ਕਰ, ਬੱਚੇ-ਬੱਚੀ ਦਾ ਜਨਮ ਹੋਣਾ, ਫਿਰ ਉਸ ਬੀਬੀ ਨੂੰ ਆਪਣਾ ਬੱਚਾ ਚੁੱਕ ਕੇ ਕਾਫ਼ਲੇ ਨਾਲ ਤੁਰਨਾ ਪੈਂਦਾ ਸੀ। ਇਹ ਜ਼ਿੰਦਗੀ ਵਿੱਚ ਸਭ ਤੋਂ ਔਖਾ ਕੰਮ ਵੇਖਿਆ।

ਸਾਡਾ ਪਰਿਵਾਰ ਡੇਰੇ ਬਾਬੇ ਨਾਨਕ ਤੋਂ ਠੇਠਰਕੇ ਪਿੰਡ ਆ ਗਿਆ। 8-10 ਦਿਨ ਇਥੇ ਰਹੇ, ਫਿਰ ਰਮਦਾਸ ਬਾਬਾ ਬੁੱਢਾ ਜੀ ਦੇ ਗੁਰਦੁਆਰੇ ਆ ਗਏ ਉੱਥੇ ਵੀ 10-15 ਦਿਨ ਰਹੇ, ਫਿਰ ਅੰਮ੍ਰਿਤਸਰ ਆ ਗਏ। ਅੰਮ੍ਰਿਤਸਰ ਨਾਮਧਾਰੀ ਧਰਮਸ਼ਾਲਾ ਵਿਚ ਡੇਰੇ ਲਾਏ। ਸਾਡੇ ਹੁੰਦਿਆਂ ਹੀ ਸਤਿਗੁਰੂ ਪ੍ਰਤਾਪ ਸਿੰਘ ਜੀ ਆਏ, ਉੱਜੜ ਕੇ ਆਏ ਲੋਕਾਂ ਦਾ ਹਾਲ ਪੁੱਛਣ। ਨਾਲ ਹੀ ਹੁਕਮ ਹੋਇਆ 'ਭੈਣੀ ਸਾਹਿਬ ਨੂੰ ਚੱਲੋ।' ਉਸ ਸਮੇਂ ਰੇਲਾਂ ਮੁਫ਼ਤ ਸਨ, ਨੌਂ ਮਹੀਨੇ ਸਾਰੀਆਂ ਰੇਲਾਂ ਮੁਫ਼ਤ ਚਲਦੀਆਂ ਰਹੀਆਂ ਕੋਈ ਕਿਸੇ ਨੂੰ ਪੁੱਛਦਾ ਨਹੀਂ ਸੀ ਭਾਵੇਂ ਉਹ ਸਟੇਸ਼ਨ 'ਤੇ ਸੁਤਾ ਰਵੇ ਭਾਵੇਂ ਰੇਲ 'ਚ।

● ਤੁਸੀਂ ਕਿਹੜੇ ਮਹੀਨੇ ਭੈਣੀ ਸਾਹਿਬ ਪਹੁੰਚੇ?

-ਸਤੰਬਰ 'ਚ ਅਸੀਂ ਭੈਣੀ ਸਾਹਿਬ ਪਹੁੰਚ ਗਏ ਸੀ। ਕੁਝ ਕੁ ਦਿਨ ਰਹੇ ਫਿਰ ਹੁਕਮ ਹੋਇਆ ਚੁਚਾਲ ਕੋਠੀ (ਜੀਵਨ ਨਗਰ) ਨੂੰ ਚੱਲੋ। ਦੁਸਹਿਰੇ ਨੂੰ ਅਸੀਂ ਸਿਰਸੇ ਪਹੁੰਚ ਗਏ ਸੀ।

ਲੁਧਿਆਣੇ ਤੋਂ ਟ੍ਰੇਨ ਲਈ ਤੇ ਰਾਜਪੁਰੇ ਆ ਗਏ, ਰਾਜਪੁਰੇ ਤਿੰਨ ਦਿਨ ਸਟੇਸ਼ਨ 'ਤੇ ਰਹੇ, ਕੋਈ ਟ੍ਰੇਨ ਨਾ ਮਿਲੀ, ਫਿਰ ਰਾਜਪੁਰੇ ਤੋਂ ਟ੍ਰੇਨ ਮਿਲੀ ਤੇ ਪਟਿਆਲੇ ਆਏ। ਫਿਰ ਪਟਿਆਲੇ 2-3 ਦਿਨ ਰਹੇ ਸਟੇਸ਼ਨ 'ਤੇ। ਪਟਿਆਲੇ ਤੋਂ ਰੇਲ ਮਿਲੀ ਤੇ ਬਠਿੰਡੇ, ਬਠਿੰਡੇ ਇੱਕ ਰਾਤ ਹੀ ਰਹੇ ਹਾਂ। ਬਠਿੰਡੇ ਤੋਂ ਸਿਰਸੇ ਪਹੁੰਚ ਗਏ। ਸਿਰਸਾ ਉਦੋਂ ਬਹੁਤ ਛੋਟਾ ਜਿਹਾ ਸੀ, ਫਾਟਕ ਸ਼ਹਿਰ ਤੋਂ ਇੰਜ ਜਾਪਦਾ ਸੀ ਜਿਵੇਂ ਮੀਲ-ਡੇਢ ਮੀਲ ਬਾਹਰ ਹੋਵੇ। ਜਿਹੜਾ ਫਾਟਕ ਹੁਣ ਵਿੱਚ ਆ ਗਿਆ ਏ। ਸਿਰਸੇ ਸਤਿਗੁਰ ਜੀ ਤਹਿਸੀਲਦਾਰ ਨੂੰ ਮਿਲਣ ਆਏ ਸਨ, ਅਸੀਂ ਮੰਦਰ 'ਚ ਠਹਿਰੇ ਸੀ, ਜਾ ਕੇ ਦਰਸ਼ਨ ਕੀਤੇ। ਫਿਰ ਹੁਕਮ ਹੋਇਆ ਚੁਚਾਲ ਕੋਠੀ ਜਾਣ ਲਈ। ਤੇਰਾਂ ਮੀਲ ਰਾਣੀਆਂ ਸੀ, ਤੁਰਦੇ ਰਾਤ ਪਹੁੰਚੇ। ਅਗਲੇ ਦਿਨ ਤੁਰਦੇ ਜੀਵਨ ਨਗਰ ਜਾ ਪਹੁੰਚੇ। ਅੱਠ-ਦੱਸ ਦਿਨ ਜੀਵਨ ਨਗਰ ਰਹੇ। ਸਤਿਗੁਰੂ ਜੀ ਹੁਕਮ ਕੀਤਾ ਸਾਰੇ ਰਾਮਗੜ੍ਹੀਏ ਭੜੋਲਿਆਂਵਾਲੀ ਪਿੰਡ ਚਲੇ ਜਾਣ। ਵੱਖ-ਵੱਖ ਪਿੰਡਾਂ ਦੇ ਰਾਮਗੜ੍ਹੀਏ ਸਾਰੇ ਭੜੋਲਿਆਂਵਾਲੀ ਆ ਗਏ। ਭੜੋਲਿਆਂਵਾਲੀ ਇਕ ਹੀ ਖੂਹ ਸੀ, ਉਸ ਵਿੱਚ ਮੁਸਲਮਾਨ ਜਾਂਦੇ ਹੋਏ ਮਰੀ ਹੋਈ ਬੁੱਢੀ ਸੁੱਟ ਗਏ ਸੀ। ਬਾਲਟੀਆਂ ਨਾਲ ਪਾਣੀ ਬਾਹਰ ਕੱਢਿਆ, ਜੀਵਨ ਨਗਰੋਂ ਅੰਮ੍ਰਿਤ ਲਿਆ ਕੇ ਪਾਇਆ। ਫਿਰ ਸਾਰਿਆਂ ਪਾਣੀ ਪੀਤਾ।

● ਤੁਹਾਨੂੰ ਮੁਸਲਮਾਨਾਂ ਦੇ ਕਾਫ਼ਲੇ ਪਾਕਿਸਤਾਨ ਨੂੰ ਜਾਂਦੇ ਨਹੀਂ ਮਿਲੇ ?

– ਜਦੋਂ ਅਸੀਂ ਜੀਵਨ ਨਗਰ ਸਾਂ ਉਦੋਂ ਹਜੇ ਕਾਫ਼ਲੇ ਮੁਸਲਮਾਨਾਂ ਦੇ ਇੱਧਰੋਂ ਜਾ ਰਹੇ ਸੀ। ਸਤਿਗੁਰੂ ਜੀ ਦਾ ਹੁਕਮ ਸੀ, ਕਿਸੇ ਨੇ ਵੀ ਉਨ੍ਹਾਂ ਨੂੰ ਛੇੜਨਾ ਮਾਰਨਾ ਨਹੀਂ ਸਗੋਂ ਮਦਦ ਕੀਤੀ।

● ਪ੍ਰਧਾਨ ਜੀ! ਤੁਹਾਡਾ ਸਾਰਾ ਪਰਿਵਾਰ ਸਹੀ ਸਲਾਮਤ ਪਹੁੰਚ ਗਿਆ? (ਪ੍ਰਧਾਨ ਜੀ ਇਕ ਦਮ ਚੁੱਪ ਹੋ ਗਏ ਅਵਾਜ਼ ਗਲੇ ਵਿੱਚ ਹੀ ਰੁੱਕ ਗਈ, ਅੱਖਾਂ ਵਿਚੋਂ ਬੇਹਿਸਾਬਾ ਸਲਾਬ ਵਹਿ ਤੁਰਿਆ, ਮੂੰਹ ਅੱਡ ਕੁਝ ਬੋਲਣਾ ਚਾਹੁੰਦੇ ਸੀ ਪਰ ਅਵਾਜ਼ ਕੇ ਕਿੰਨੀ ਦੇਰ ਸਾਥ ਨਾ ਦਿੱਤਾ। ਗਲ ਸਾਫ਼ ਕਰ ਫਿਰ ਬੋਲੇ।)

– ਨਹੀਂ...

(ਲੱਗਿਆ ਅਵਾਜ਼ ਜਿਵੇਂ ਕਿਸੇ ਸੱਤਵੇਂ ਪਤਾਲ 'ਚੋਂ ਆਈ ਹੋਵੇ।)

ਉਹ ਬੜੀ ਸਿਆਣੀ ਤੇ ਸੁੱਚਜੀ ਸੀ। ਉਹ ਮੇਰੀ ਵੱਡੀ ਭੈਣ ਸੀ ਹਰਬੰਸ ਕੌਰ ਸੱਦੋਵਾਲੀ ਵਿਆਹੀ ਸੀ ਜਥੇ. ਸੇਵਾ ਸਿੰਘ ਜਗਾਧਰੀ ਵਾਲਾ ਉਸ ਦੇ ਜੇਠ ਦਾ ਲੜਕਾ ਸੀ। ਜਦੋਂ ਉਹ ਆਪਣੇ ਪਿੰਡੋਂ ਨਿਕਲੇ ਤਾਂ ਕਾਫਲੇ ਵਿੱਚ ਮਾਰੀ ਗਈ। ਅਟੈਕ ਹੀ ਆ ਗਿਆ। ਪਹਿਲਾਂ ਪੁੱਤਰਾਂ ਦੀ ਮੌਤ ਦਾ ਗ਼ਮ ਕਰਦੀ ਸੀ। ਫਿਰ ਘਰ ਛੱਡਣ ਦੀ ਸੱਟ...।

( ਲੰਮੀ ਚੁੱਪ ਨੂੰ ਤੋੜਦਿਆਂ ਮੈਂ ਫਿਰ ਪੁਛਿਆ)

● ਪ੍ਰਧਾਨ ਜੀ ਤੁਸੀਂ ਕਿੰਨੇ ਭੈਣ ਭਰਾ ਹੋ?

– ਅਸੀਂ ਛੇ ਭੈਣ ਭਰਾ ਹਾਂ, ਪੰਜ ਭੈਣਾਂ ਤੇ ਮੈਂ ਇਕੱਲਾ ਭਰਾ।

● ਉਹਨਾਂ ਦੇ ਨਾਮ?

– ਹਰਬੰਸ ਕੌਰ, ਰਣਜੀਤ ਕੌਰ, ਵਿਦਿਆਦੇਵੀ, ਗਿਆਨ ਕੌਰ, ਮਹਿੰਦਰ ਕੌਰ।

................................................................

## ਸਮੇਂ ਦੇ ਅਸਵਾਰ

**ਬਲਬੀਰ ਸਿੰਘ ਢਿਲੋਂ**

ਕਾਮਯਾਬੀ ਨਾ ਉਹਨਾਂ ਦਾ ਸਾਥ ਦਿੰਦੀ,
ਜਿਹੜੇ ਡਰ ਜਾਂਦੇ ਜਿਹੜੇ ਸੰਗ ਜਾਂਦੇ।
ਮੰਜ਼ਲ ਉਹਨਾਂ ਦੇ ਪੈਰ ਹਮੇਸ਼ ਚੁੰਮੇ,
ਜਿਹੜੇ ਚੀਰ ਤੂਫ਼ਾਨਾਂ ਨੂੰ ਲੰਘ ਜਾਂਦੇ।
ਹੋਣੀ ਵਿਚ ਅਣਹੋਣੀਆਂ ਬਦਲ ਦਿੰਦੇ,
ਕਰਕੇ ਸਾਰੇ ਜ਼ਮਾਨੇ ਨੂੰ ਦੰਗ ਜਾਂਦੇ।
ਜਿੱਥੇ ਬਹਿੰਦੇ ਉਹ ਸਵਰਗ ਉਸਾਰ ਲੈਂਦੇ,
ਜਿੱਥੋਂ ਲੰਘਦੇ ਰਾਹਾਂ ਵੀ ਰੰਗ ਜਾਂਦੇ।
ਚਾਕ ਦੇਸ਼ ਦਾ ਗਿਰੇ ਬਾਂ ਸੀਅ ਜਾਂਦੇ,
ਫੜ੍ਹ ਕੇ ਜ਼ਾਲਮ ਦੇ ਬਖੀਏ ਉਧੇੜ ਜਾਂਦੇ।
ਸਮਾਂ ਕਿਸੇ ਦਾ ਨਹੀਂ ਲਿਹਾਜ ਕਰਦਾ,
ਉਹ ਪਰ ਸਮੇਂ ਨੂੰ ਮਾਰ ਚਪੇੜ ਜਾਂਦੇ।

ਔਖਾ ਹੁੰਦਾ ਏ ਸੌਖਿਆਂ ਸਰ ਕਰਨਾ,
ਮੰਜ਼ਲ ਉਤੇ ਜਦ ਔਖਾ ਕੋਈ ਥਾਂ ਆਉਂਦੈ।
ਹਿੰਮਤ ਵਾਲੇ ਤੇ ਸੌਖਿਆਂ ਲੰਘ ਜਾਂਦੇ,
ਰਾਹ ਵਿਚ ਸ਼ੂਕਦਾ ਭਾਵੇਂ ਝਨਾਂ ਆਉਂਦੈ।
ਜਜ਼ਬਾ ਦਿਲਾਂ ਅੰਦਰ ਬਾਹੀਂ ਜੋਸ਼ ਹੋਵੇ,
ਪੰਥ ਚੜ੍ਹਦੀਆਂ ਕਲਾ ਵਿਚ ਤਾਂ ਆਉਂਦੈ।
ਉਹੋ ਕੌਮ ਸਰਦਾਰੀਆਂ ਮਾਣਦੀ ਏ,
ਜੀਹਦਾ ਵਿਚ ਸ਼ਹੀਦਾਂ ਦੇ ਨਾਂ ਆਉਂਦੈ।
ਚੜ੍ਹਦੀ ਕਲਾ ਤੇ ਪੰਥ ਦੀ ਏਕਤਾ ਲਈ,
ਦਯਾ, ਧਰਮ ਤੇ ਸੇਵਾ ਤੋਂ ਸੰਗਣਾ ਨਹੀਂ।
ਜਿਹੜੇ ਰਾਹਾਂ ਤੋਂ ਗੁਰੂ ਨੇ ਵਰਜਿਆ ਏ,
ਉਹਨਾਂ ਰਾਹਾਂ ਤੋਂ ਭੁੱਲ ਕੇ ਲੰਘਣਾ ਨਹੀਂ।

................................................................

# ਮਰਣੁ ਮੁਣਸਾ ਸੂਰਿਆ ਹਕੁ ਹੈ

## (ਰਾਏਕੋਟ ਸਾਕਾ)



**ਸਵਿੰਦਰ ਸਿੰਘ ਨਾਮਧਾਰੀ**
**99144–02225**

ਕਬੀਰ ਜੀ ਦਾ ਕਥਨ ਹੈ ਕਿ–

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥

ਜਿਹੜੇ ਪੁਰਸ਼ ਦੇਸ਼-ਕੌਮ ਜਾਂ ਮਨੁੱਖਾਂ ਜਾਤ ਉੱਪਰ ਕਿਸੇ ਤਰ੍ਹਾਂ ਦੇ ਅਤਿਆਚਾਰ, ਬੇਇਨਸਾਫ਼ੀ, ਧੱਕੇਸ਼ਾਹੀ ਅਤੇ ਜਬਰ ਵਿਰੁਧ ਅਵਾਜ਼ ਬੁਲੰਦ ਕਰਕੇ ਅਪਣੇ ਦੇਸ਼-ਧਰਮ ਲਈ, ਗਊ-ਗਰੀਬ ਦੀ ਰੱਖਿਆ ਲਈ ਆਪਾ ਕੁਰਬਾਨ ਕਰ ਦਿੰਦੇ ਹਨ- ਉਹੋ ਹੀ ਵੀਰ, ਯੋਧੇ ਅਤੇ ਸ਼ਹੀਦ ਹੁੰਦੇ ਹਨ: ਭਾਈ ਗੁਰਦਾਸ ਜੀ ਦਾ ਵੀ ਕਥਨ ਹੈ ਕਿ–

"ਸਾਬਰੁ ਸਿਦਕਿ ਸਹੀਦ ਭਰਮ ਭਉ ਖੋਵਣਾ॥" ,

ਕੁਰਬਾਨੀ ਦੇਣ ਵਾਲੇ ਇਨਸਾਨਾਂ ਵਿਚ ਸਬਰ, ਸਿਦਕ ਰਜ ਕੇ ਸਮੋਇਆ ਹੁੰਦਾ ਹੈ। ਡਰ ਉਨ੍ਹਾਂ ਨੂੰ ਲਗਦਾ ਨਹੀਂ। ਭਰਮ-ਭੈ ਉਨ੍ਹਾਂ ਤੋਂ ਕੋਹਾਂ ਦੂਰ ਹੁੰਦਾ ਹੈ। ਦੀਨ-ਦੁਖੀਆਂ ਦੀ ਰਖਿਆ ਲਈ ਜ਼ੁਲਮੀ ਹਾਕਮਾਂ ਵਲੋਂ ਹੁੰਦੇ ਅਤਿਆਚਾਰਾਂ ਨੂੰ ਖਤਮ ਕਰਨ ਦਾ ਬਹੁਤ ਦੀ ਦ੍ਰਿੜ ਇਰਾਦਾ ਹੋਵੇ ਤਾਂ ਹੀ ਸ਼ਹੀਦਾਂ ਦੀ ਕਤਾਰ ਵਿਚ ਖਲੋਤਾ ਜਾ ਸਕਦਾ ਹੈ। ਜਿੰਨੇ ਵੀ ਸ਼ਹੀਦ ਹੋਏ ਹਨ- ਸਭ ਨੇ ਦੇਸ਼ ਧਰਮ ਦੀ ਆਨ ਅਤੇ ਸ਼ਾਨ ਬਦਲੇ ਜਾਨਾਂ ਵਾਰਕੇ ਆਪਣਾ ਨਾਂ ਰੁਸ਼ਨਾਇਆ ਹੋਇਆ ਹੈ। ਕਿਸੇ ਕਵੀ ਨੇ ਇਹ ਠੀਕ ਹੀ ਲਿਖਿਆ ਹੈ ਕਿ –

ਡੁਲ੍ਹੇ ਜਾਂ ਖੂਨ ਸ਼ਹੀਦਾਂ ਦਾ ਤਕਦੀਰ ਬਦਲਦੀ ਕੌਮਾਂ ਦੀ।
ਰੰਬੀਆਂ ਨਾਲ ਖੋਪਰ ਲਹਿੰਦੇ ਜਾਂ ਤਸਵੀਰ ਬਦਲਦੀ ਕੌਮਾਂ ਦੀ।"

ਗਲ ਰਾਏਕੋਟ ਦੇ ਸਾਕੇ ਵਿਚ ਹੋਏ ਸ਼ਹੀਦਾਂ ਦੀ ਕਰਨ ਜਾ ਰਹੇ ਹਾਂ ਕਿ ਇਤਿਹਾਸ ਪੜ੍ਹਿਆਂ ਪਤਾ ਲਗਦਾ ਹੈ ਕਿ ਅੰਗਰੇਜ਼ਾਂ ਨੇ ਮਹਾਰਾਜਾ ਰਣਜੀਤ ਸਿੰਘ ਜੀ ਦੀ ਮੌਤ ਤੋਂ ਬਾਦ ਸੰਨ 1849 ਈ: ਵਿਚ ਮਹਾਰਾਜਾ ਦਲੀਪ ਸਿੰਘ ਨੂੰ ਰਾਜਗੱਦੀ ਤੋਂ ਉਤਾਰ ਕੇ ਪੰਜਾਬ ਨੂੰ ਵੀ ਅਪਣੇ ਕਬਜੇ ਵਿਚ ਕਰਕੇ ਸਮੁੱਚੇ ਭਾਰਤ ਦੇ ਉਪਰ ਅਪਣਾ ਰਾਜ ਕਾਇਮ ਕਰ ਲਿਆ ਸੀ। ਅੰਗਰੇਜ਼ ਹਾਕਮਾਂ ਨੂੰ ਇਹ ਭਲੀ ਭਾਂਤ ਪਤਾ ਸੀ ਕਿ ਪੰਜਾਬ ਤਾਂ ਕੀ ਸਮੁੱਚਾ ਭਾਰਤ ਹੀ ਧਾਰਮਿਕ ਦੇਸ਼ ਹੈ। ਇਥੋਂ ਦੇ ਲੋਕ ਖਾਸ ਕਰਕੇ ਸਿਖ ਧਰਮ ਨਾਲ ਸਬੰਧ ਰਖਣ ਵਾਲੇ ਆਪਣੇ ਧਰਮ ਵਿਚ ਅਥਾਹ ਵਿਸ਼ਵਾਸ ਰੱਖਦੇ ਹਨ। ਇਨ੍ਹਾਂ ਦੇ ਵੱਡੇ ਵਡੇਰੇ ਪੂਰਵਿਜ ਗੁਰੂ ਅਰਜਨ ਦੇਵ ਜੀ, ਗੁਰੂ ਤੇਗ ਬਹਾਦਰ ਜੀ ਅਤੇ ਸਰਬੰਸ ਦਾਨੀ ਗੁਰੂ ਗੋਬਿੰਦ ਸਿੰਘ ਜੀ ਦੇ ਧਰਮ ਦੇ ਬਦਲੇ, ਕੌਮ ਦੀ ਖਾਤਰ ਅਤੇ ਦੇਸ ਦੀ ਖਾਤਰ-ਰੱਖਿਆ ਹਿੱਤ ਕੁਰਬਾਨੀਆਂ ਦਿੱਤੀਆਂ ਹਨ।

ਪੰਜਾਬ ਵਿਚ ਰਾਜ ਕਰਨ ਤੋਂ ਉਸ ਨੂੰ ਬਹੁਤ ਹੀ ਭੈਅ ਲਗਦਾ ਸੀ। ਕਿਉਂ ਜੁ ਉਹ ਸਿਖਾਂ ਨਾਲ ਲੜਾਈਆਂ ਕਰਕੇ ਦੋ-ਹੱਥ ਕਰਕੇ ਵੇਖ ਚੁਕੇ ਸਨ ਅਤੇ ਉਹ ਜਾਣ ਚੁਕੇ ਸੀ ਕਿ ਪੰਜਾਬੀ ਆਪਣੀ ਅਣਖ ਅਤੇ ਧਰਮ ਦੀ ਖਾਤਰ ਮਰ-ਮਿਟਣ ਤੋਂ ਰਤਾ ਵੀ ਭੈਅ ਨਹੀਂ ਖਾਂਦੇ। ਸੋ ਉਸਨੇ ਅਪਣੀ 'ਪਾੜੋ ਤੇ ਰਾਜ ਕਰੋ ਦੀ ਕੁਟਿਲ ਨੀਤੀ ਅਪਣਾਈ। ਜਿਸ ਵਿਚ ਉਹ ਕਾਫੀ ਹੱਦ ਤੱਕ ਕਾਮਯਾਬ ਰਿਹਾ।

ਇਹੀ ਵਜ੍ਹਾ ਸੀ ਕਿ ਜਿਵੇਂ ਹੀ 1857 ਈ. ਦੀ ਵਿਸਾਖੀ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ, ਗੁਰੂ ਗੋਬਿੰਦ ਸਿੰਘ ਜੀ ਦੀ ਸਜਾਈ ਸਿੱਖੀ ਜੋ ਕਿ ਅਗਰੇਜ਼ੀ ਹਾਕਮਾਂ ਵਲੋਂ ਅਪਣਾਈ ਕੁਟਿਲ ਨੀਤੀ ਨਾਲ ਮੁਰਝਾ ਚੁੱਕੀ ਸੀ, ਨੂੰ ਮੁੜ ਸੁਰਜੀਤ ਕਰ ਸਿਖਾਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ 'ਨਾਮਧਾਰੀ ਸੰਤ ਖਾਲਸਾ'' ਦੀ ਸਥਾਪਨਾ ਕਰ ਦਿਤੀ ਸੀ ਜਿਨਾਂ ਨੂੰ 'ਕੂਕੇ' ਸਿਖ ਵੀ ਆਖਿਆ ਜਾਂਦਾ ਹੈ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਅੰਗ੍ਰੇਜ਼ ਦੀ ਕੁਟਿਲ ਨੀਤੀ – "ਪਾੜੋ ਤੇ ਰਾਜ ਕਰੋ'' ਦੇ ਵਿਰੁਧ, ਨਾ-ਮਿਲਵਰਤਣ ਲਹਿਰ ਸ਼ੁਰੂ ਕਰ ਦਿੱਤੀ। ਬਹੁਤ ਹੀ ਘੱਟ ਸਮੇਂ ਅੰਦਰ ਆਪ ਜੀ ਨੇ ਅੰਗਰੇਜ਼ੀ ਹਕੂਮਤ ਵਿਰੁੱਧ ਚਲਾਈ ਗਈ ਨਾ ਮਿਲਵਰਤਣ ਲਹਿਰ ਨੂੰ ਪੰਜਾਬ ਦੇ ਪਿੰਡਾਂ ਅਤੇ ਸ਼ਹਿਰਾਂ ਵਿਚ ਫੈਲਾ ਦਿਤਾ। ਨਾ ਮਿਲਵਰਤਣ ਲਹਿਰ ਦਾ ਭਾਵ ਕਿ ਅੰਗਰਜ਼ੀ ਸਰਕਾਰ ਦਾ ਪੂਰਨ ਤੌਰ ਤੇ ਮੁਕੰਮਲ ਬਾਈਕਾਟ। ਜਿਸ ਵਿਚ ਅੰਗਰੇਜ਼ ਸਰਕਾਰ ਦੀਆਂ ਬਣਾਈਆਂ ਰੇਲਾਂ, ਕਚਿਹਰੀਆਂ, ਸਕੂਲਾਂ ਕਾਲਜਾਂ, ਵਿਦੇਸ਼ੀ ਕੱਪੜਾ, ਤੇ ਹੋਰ ਵਸਤਾਂ ਦੇ ਨਾਲ ਹੀ-ਸਰਕਾਰੀ ਡਾਕਖਾਨਿਆਂ ਦਾ ਪੂਰਨ ਤੌਰ ਤੇ ਬਾਈਕਾਟ ਕੀਤਾ ਗਿਆ। ਸ੍ਰੀ ਸਤਿਗੁਰੂ ਜੀ ਨੇ ਤਾਂ ਇਥੋਂ ਤੱਕ ਪ੍ਰਪੱਕ ਕਰ ਦਿੱਤਾ ਸੀ ਕਿ ਕੋਈ ਵੀ ਨਾਮਧਾਰੀ ਅੰਗਰੇਜ਼ੀ ਹਕੂਮਤ ਦੀ

ਨੌਕਰੀ ਨਾ ਕਰੇ, ਸੜਕਾਂ ਨਹਿਰਾਂ ਦੀ ਵੀ ਵਰਤੋਂ ਨਾ ਕਰੇ। ਸ੍ਰੀ ਸਤਿਗੁਰੂ ਜੀ ਨੇ ਅਪਣੇ ਪੈਰੋਕਾਰਾਂ ਸਮੇਤ ਨਾ ਮਿਲਵਰਤਣ ਲਹਿਰ ਨੂੰ ਅਮਲੀ ਰੂਪ ਵਿੱਚ ਅਪਣਾ ਲਿਆ ਸੀ। ਆਪਣਾ ਸਵਦੇਸੀ ਕੱਪੜਾ, ਆਪਣੀ ਡਾਕ, ਆਪਣੇ ਆਪਸੀ ਝਗੜਿਆਂ ਨੂੰ ਆਪਸੀ ਮਿਲ ਬੈਠ ਕੇ ਆਪ ਹੀ ਨਜਿੱਠਣ ਲਈ ਹੁਕਮ ਕਰ ਦਿਤਾ। ਸੂਬੇ ਥਾਪ ਦਿੱਤੇ ਜੋ ਕਿ ਕਿਸੇ ਵੀ ਮਸਲੇ ਨੂੰ ਹੱਲ ਕਰਨ ਲਈ ਤੱਤਪਰ ਰਹਿੰਦੇ ਸਨ।

ਨਾਮਧਾਰੀ ਸਿਖਾਂ ਵਲੋਂ ਇਸ ਵਿੱਢੇ ਹੋਏ ਅੰਦੋਲਨ ਨੂੰ ਅੰਗਰੇਜ਼ੀ ਹਕੂਮਤ-ਸਹਿਜ ਵਿਚ ਨਹੀਂ ਸੀ ਲੈ ਰਹੀ। ਉਹ ਇਸ ਸੱਜਰੀ ਮੱਘਦੀ ਚਿੰਗਆਰੀ ਨੂੰ ਅਗੇ ਆਉਣ ਵਾਲੇ ਸਮੇਂ ਵਿਚ ਜਵਾਲਾ ਮੁਖੀ ਲਾਵੇ ਵਾਂਗ ਫੁੱਟਦਿਆਂ ਮਹਿਸੂਸ ਕਰਨ ਲਗੀ। ਸੋ ਇਹ ਨਵ ਉਸਾਰੀ ਨਾ-ਮਿਲਵਰਤਣ ਦੀ ਲਹਿਰ ਨੂੰ ਦਬਾਉਣ ਲਈ ਅੰਗਰੇਜ਼ ਨੇ ਕੋਝੇ ਹੱਥ ਕੰਡੇ ਵਰਤਣੇ ਸ਼ੁਰੂ ਕਰ ਦਿੱਤੇ। ਸਿਖਾਂ ਦੇ ਅੰਦਰੂਨੀ ਵਿਕਾਰਾਂ ਤੇ ਸੱਟ ਮਾਰਨ ਲਈ ਸਿਖੀ ਅਣਖ ਨੂੰ ਖਤਮ ਕਰਨ ਲਈ ਉਸਨੇ ਗਊ-ਘਾਤ ਕਰਾਉਣੀ ਸ਼ੁਰੂ ਕਰਵਾ ਦਿੱਤੀ। ਜਿਵੇਂ ਕਿ 24 ਮਾਰਚ 1847 ਈ: ਵਿਚ ਮਿ: ਹੈਨਰੀ ਐਮ. ਲਾਰੈਂਸ ਨੇ ਲਾਹੌਰ ਸ਼ਹਿਰ ਦੇ ਗਵਰਨਰ ਜਨਰਲ ਦਾ ਇਹ ਫ਼ੁਰਮਾਨ ਜਾਰੀ ਕੀਤਾ ਕਿ ਅੰਗਰੇਜ਼ੀ ਹਕੂਮਤ ਵਲੋਂ ਕੋਈ ਵੀ ਮਨੁੱਖ ਸਿਖਾਂ ਦੇ ਧਾਰਮਿਕ ਅਸਥਾਨਾਂ ਜਿਵੇਂ ਕਿ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੀ ਹੱਦ ਉਸਦੀ ਪਰਕਰਮਾਂ ਵਿਚ ਜੁੱਤੀ ਪਹਿਨ ਕੇ ਨਹੀਂ ਜਾ ਸਕਦਾ ਅਤੇ ਨਾ ਹੀ ਅੰਮ੍ਰਿਤਸਰ ਵਿੱਚ ਗਊ-ਬੱਧ ਕੀਤਾ ਜਾਵੇਗਾ। ਇਹ ਹੁਕਮ ਇਕ ਤਾਂਬੇ ਦੀ ਪਲੇਟ ਉਪਰ ਲਿਖਵਾ ਕੇ ਦਰਬਾਰ ਸਾਹਿਬ ਦੇ ਬਾਹਰ ਲਵਾਇਆ ਗਿਆ।

ਸੋ ਇਸ ਸਭ ਉਪਰੋਕਤ ਫ਼ੁਰਮਾਨ ਨੂੰ ਨਜ਼ਰ ਅੰਦਾਜ਼ ਕਰ 29 ਮਾਰਚ 1849 ਈ: ਨੂੰ ਪੰਜਾਬ ਉੱਪਰ ਰਾਜ ਕਰਨ ਦੇ ਇਕ ਮਹੀਨੇ ਬਾਅਦ ਹੀ ਪੰਜਾਬ ਦੇ ਬੋਰਡ ਆਫ਼ ਐਡਮਿਸ਼ਟਰੇਸ਼ਨ ਨੇ ਗਊ-ਬੱਧ ਕਰਨ ਦੀ ਖੁੱਲ੍ਹ ਦੇ ਦਿੱਤੀ। ਸੋ ਉਸ ਵੇਲੇ ਫਿਰ ਜਲਦੀ ਹੀ ਅੰਮਿਤਸਰ ਘੰਟਾ ਘਰ ਦਰਬਾਰ ਸਾਹਿਬ ਦੇ ਕੋਲ ਹੀ ਇਕ ਬੁੱਚੜਖਾਨਾ ਖੋਲ੍ਹ ਦਿਤਾ ਗਿਆ। ਜਿਥੋਂ ਫਿਰ ਕਾਂ-ਇਲਾਂ-ਕੁੱਤੇ ਆਦਿ ਹੱਡੀਆਂ, ਮਾਸ ਦੀਆਂ ਬੋਟੀਆਂ ਹਰਮੰਦਿਰ ਸਾਹਿਬ ਦੇ ਪਵਿੱਤਰ ਸਰੋਵਰ ਵਿਚ ਅਤੇ ਪਰਕਰਮਾਂ ਵਿਚ ਲਿਜਾਣ ਲਗ ਪਏ।

ਇਸਦੇ ਬਾਦ ਰਾਏਕੋਟ ਵੀ ਹਿੰਦੂ ਸਿਖਾਂ ਦੀ ਸਤਿਕਾਰੀ ਜਾਣ ਵਾਲੀ ਸੁਥਰਿਆਂ ਦੀ ਧਰਮਸ਼ਾਲਾ ਦੇ ਨਜਦੀਕ ਹੀ ਇਕ ਬੁੱਚੜਖਾਨਾ ਖੋਲ੍ਹ ਦਿੱਤਾ ਗਿਆ। ਇਸੇ ਜਗਾ ਤੇ ਹੀ ਸਾਹਿਬ ਸ੍ਰੀ ਗੋਬਿੰਦ ਸਿੰਘ ਜੀ ਮਾਛੀਵਾੜੇ ਦੇ ਜੰਗਲਾਂ ਵਿਚੋਂ ਹੁੰਦੇ ਹੋਏ ਤੇ ਦੀਨੇ ਕਾਂਗੜ ਵਲ ਜਾਂਦੇ ਹੋਏ ਠਹਿਰੇ ਸਨ। ਜਿਸ ਕਰਕੇ ਇਸ ਧਰਮਸ਼ਾਲਾ ਦੀ ਮਹਾਨਤਾ ਹੋਰ ਵੀ ਵੱਧ ਗਈ ਸੀ। ਸੋ ਇਸ ਜਗਾ ਬੁੱਚੜਖਾਨਾ ਖੁਲ ਜਾਣ ਨਾਲ ਜਿਥੇ ਪਿੰਡ ਵਾਸੀ ਬਹੁਤ ਹੀ ਔਖ ਮਹਿਸੂਸ ਕਰ ਰਹੇ ਸੀ, ਉਥੇ ਆਉਂਦੇ ਜਾਂਦੇ ਰਾਹੀ ਵੀ ਗਊ-ਬੱਧ ਵੇਖ ਕੇ ਦੁਖੀ ਹੋ ਰਹੇ ਸਨ।

ਉਨ੍ਹਾਂ ਦਿਨਾਂ ਦੇ ਦੁਰਾਨ ਹੀ ਪਿਥੋਂ ਪਿੰਡ ਦੇ ਨਾਮਧਾਰੀ ਸਿੰਘ ਸ੍ਰੀ ਭੈਣੀ ਸਾਹਿਬ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰਨ ਲਈ ਜਾਂਦੇ ਹੋਏ ਰਾਏਕੋਟ ਇਸੇ ਹੀ ਧਰਮਸ਼ਾਲਾ ਵਿਚ ਰੁਕੇ ਤਾਂ ਇਥੇ ਉਨ੍ਹਾਂ ਨੂੰ ਜਦੋਂ ਇਹ ਗਊ-ਬੱਧ ਹੋਣ ਬਾਰੇ ਪਤਾ ਲਗਾ ਤੇ ਪਿੰਡ ਵਾਲਿਆਂ ਤੋਂ ਵੀ ਸੁਣਿਆ ਇਥੇ ਪਾਪ ਬਹੁਤ ਹੋ ਰਿਹਾ ਹੈ। ਸਿੰਘਾਂ ਦਾ ਖ਼ੂਨ ਖੌਲ ਉਠਿਆ। ਸਿੰਘਾਂ ਦੇ ਜੋਸ਼ ’ਤੇ ਕਾਬੂ ਪਾਉਣਾ ਔਖਾ ਹੋ ਗਿਆ। ਉਨ੍ਹਾਂ ਮਰਜੀਵੜੇ ਸਿੰਘਾਂ ਨੇ ਫਿਰ 14-15 ਜੁਲਾਈ 1871 ਨੂੰ ਸ੍ਰੀ ਅੰਮ੍ਰਿਤਸਰ ਵਿਖੇ ਹੋਈ ਬੁੱਚੜਬੱਧ ਘਟਨਾ ਤੋਂ ਇਕ ਮਹੀਨੇ ਬਾਅਦ ਹੀ ਰਾਏਕੋਟ ਦੇ ਬੁੱਚੜਖ਼ਾਨੇ ਤੇ ਹਮਲਾ ਕਰ ਦਿਤਾ। ਆਪਣੇ ਇਸ ਕਾਰਜ ਦੀ ਸਿਧੀ ਵਾਸਤੇ ਪਹਿਲਾਂ ਕੂਕੇ ਸਿੰਘਾਂ ਨੇ ਹਵਨ ਕੀਤਾ ਅਤੇ ਫਿਰ ਗੁਰੂ ਗੋਬਿੰਦ ਸਿੰਘ ਜੀ ਦੀ ਉਚਾਰੀ -ਉਗ੍ਰਦੰਤੀ ਬਾਣੀ ਦਾ ਪਾਠ ਕੀਤਾ ਜਿਸ ਵਿੱਚ ਗੁਰੂ ਗੋਬਿੰਦ ਸਿੰਘ ਜੀ ਦਾ ਇਹ ਫ਼ਰਮਾਨ ਹੈ ਕਿ –

“ਯਹੀ ਦੇਹ ਆਗਿਆ ਤੁਰਕਨ ਗਹਿ ਖਪਾਊਂ॥
ਗਊ ਘਾਤ ਕਾ ਦੋਖ ਜਗ ਸਿਉਂ ਮਿਟਾਊਂ॥

ਸਤਿਗੁਰੂ ਰਾਮ ਸਿੰਘ ਜੀ ਨੇ ਕੂਕੇ ਨਾਮਧਾਰੀ ਸਿੰਘਾਂ ਵਿੱਚ ਅਜਿਹਾ ਜੋਸ਼ ਪੈਦਾ ਕਰ ਦਿੱਤਾ ਸੀ, ਜਿਸ ਕਾਰਨ ਉਨ੍ਹਾਂ ਨੂੰ ਮੌਤ ਤੋਂ ਰਤਾ ਭਰ ਵੀ ਡਰ ਮਹਿਸੂਸ ਨਹੀਂ ਸੀ ਹੋਇਆ । ਕਬੀਰ ਜੀ ਦਾ ਫਰਮਾਨ ਹੈ ਕਿ :

“ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ॥
ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ॥

ਗੱਲ ਇਥੇ ਸਪਸ਼ਟ ਕਰਨੀ ਬਣਦੀ ਹੈ ਕਿ ਅੰਗਰੇਜ਼ਾਂ ਵਲੋਂ ਗਊ-ਬੱਧ ਲਈ ਬੁੱਚੜਖਾਨਿਆਂ ਦੀ ਤਾਮੀਲ ਅਤੇ ਬੁੱਚੜਾਂ ਨੂੰ ਹੱਲਾ ਸ਼ੇਰੀ ਦੇਣ ਪਿਛੇ, ਜੋ ਰਾਜ ਛਪਿਆ ਹੋਇਆ ਸੀ ਉਹ ਇਹ ਸੀ ਕਿ ਹਿੰਦੁਸਤਾਨੀਆਂ ਵਿਚ ਫਿਰਕੂਪੁਨਾ ਵਧਾ ਕੇ ਰਾਜ ਕਰਨ ਦੀ ਮੰਸ਼ਾ। ਇਸ ਗੱਲ ਤੋਂ ਨਾਮਧਾਰੀ ਅਨਜਾਣ ਨਹੀਂ ਸਨ।

ਬੇਸ਼ਕ ਨਾਮਧਾਰੀ ਲਹਿਰ ਨਾਲ ਬੁੱਚੜਾਂ ਨੂੰ ਕਤਲ ਕਰਨ ਦੀ ਘਟਨਾ ਆਮ ਤੌਰ ਤੇ ਅੰਗਰੇਜ਼ ਭਗਤ ਇਤਿਹਾਸਕਾਰਾਂ ਨੇ ਇਸ ਘਟਨਾ ਨੂੰ ਫਿਰਕੂ ਰੰਗ ਦੇਣ ਦੇ ਯਤਨ ਕੀਤੇ। ਪਰ ਬੁੱਚੜਾਂ ਦੇ ਕਤਲਾਂ ਦੀਆਂ ਵਾਰਦਾਤਾਂ ਫਿਰਕੂ ਨਹੀਂ ਸਨ ਕਿਉਂਕਿ ਨਾਮਧਾਰੀ ਸਿੰਘ ਬੁੱਚੜਾਂ ਨੂੰ ਨਹੀਂ

ਬੁੱਚੜ-ਖਾਨਿਆਂ ਨੂੰ ਖਤਮ ਕਰਨਾ ਚਾਹੁੰਦੇ ਸਨ। ਬੁੱਚੜਖਾਨਿਆਂ ਨੂੰ ਤਾਂ ਅੰਗਰੇਜ਼ ਵਲੋਂ ਹਮੇਸ਼ਾ ਲਈ ਫਿਰਕੂ ਭੜਕਾਹਟ ਲਈ ਹੀ ਕਾਇਮ ਕੀਤਾ ਗਿਆ ਸੀ। ਜੋ ਕਿ ਹਿੰਦੂ ਮੁਸਲਿਮ ਫਸਾਦ ਦਾ ਕਾਰਨ ਬਣ ਸਕਦਾ ਸੀ ਅਤੇ ਜਿਹੜਾ ਕਿ ਪਿਛੋਂ ਬਣਿਆ ਵੀ।

ਰਾਏਕੋਟ ਦੇ ਬੁੱਚੜਖਾਨਿਆਂ 'ਤੇ ਹਮਲੇ ਦਾ ਸ੍ਰੋਤ ਅੰਮ੍ਰਿਤਸਰ ਵਿਖੇ ਮਾਝੇ ਦੇ ਨਾਮਧਾਰੀ ਸਿਖ ਸਨ। ਭੈਣੀ ਸਾਹਿਬ ਜੋ ਕਿ ਮਾਲਵੇ ਖੇਤਰ ਦਾ ਇਕ ਅੰਗ ਵੀ ਹੈ ਤੇ ਮਾਲਵੇ ਦੇ ਨਾਮਧਾਰੀ ਸਿੰਘਾਂ-ਗਿਆਨੀ ਸੂਬਾ ਰਤਨ ਸਿੰਘ ਮੰਡੀ ਵਾਲਾ, ਸੰਤ ਰਤਨ ਸਿੰਘ ਨਾਈਵਾਲਾ ਅਤੇ ਭਗਵਾਨ ਸਿੰਘ ਅੜਬੰਗੀ ਦੇ ਉਤਸਾਹਿਤ ਮਨਸੂਬਿਆਂ ਦੇ ਕਾਰਨ ਕਿ ਮਾਝੇ ਵਾਲੇ ਤਾਂ ਬਾਜੀ ਲੈ ਗਏ ਹਨ ਅਤੇ ਮਾਲਵੇ ਵਾਲਿਆਂ ਨੂੰ ਦੇਸ਼ ਧਰਮ ਅਤੇ ਕੌਮ ਲਈ ਕੁਝ ਕਰਨਾ ਚਾਹੀਦਾ ਹੈ। ਇਸ ਕੰਮ ਲਈ ਭਾਵੇਂ ਮਾਲਵੇ ਦੇ ਅਣਗਣਿਤ ਨਾਮਧਾਰੀ ਸਿੰਘ ਤਿਆਰ ਹੋ ਗਏ। ਪਰ ਸੂਬਾ ਗਿ: ਰਤਨ ਸਿੰਘ ਦੀ ਦੂਰ-ਦ੍ਰਿਸ਼ਟੀ ਨੇ ਪਿੰਡ ਪਿਥੋਂ ਦੇ ਤਿੰਨ ਨਾਮਧਾਰੀ ਸਿੰਘ ਸੰਤ ਮੰਗਲ ਸਿੰਘ, ਮਸਤਾਨ ਸਿੰਘ ਅਤੇ ਗੁਰਮੁਖ ਸਿੰਘ ਨੂੰ ਚੁਣਿਆ।

ਇਸ ਸਾਰੇ ਪ੍ਰੋਗਰਾਮ ਨੂੰ ਉਲੀਕਣ ਅਤੇ ਯੋਜਨਾ ਬੱਧ ਕਰਨ ਦੀ ਜ਼ਿੰਮੇਵਾਰੀ ਸੂਬਾ ਰਤਨ ਸਿੰਘ ਅਤੇ ਰਤਨ ਸਿੰਘ ਨਾਈਵਾਲੇ ਦੀ ਸੀ। ਸੰਤ ਭਗਵਾਨ ਸਿੰਘ ਅੜਬੰਗੀ ਰਤਨ ਸਿੰਘ ਹੁਰਾਂ ਨਾਲ ਵੀ ਹੋਣਾ ਸੀ ਅਤੇ ਪਿਥੋਂ ਵਾਲੇ ਸਿੰਘਾਂ ਨਾਲ ਵੀ ਵਾਰਦਾਤ ਵਿਚ ਸ਼ਾਮਲ ਹੋਣਾ ਸੀ। ਅਮਲੀ ਰੂਪ ਦੇ ਕੇ ਨੇਪੜੇ ਚਾੜ੍ਹਨ ਦਾ ਕੰਮ ਪਿਥੋਂ ਵਾਲਿਆਂ ਨੇ ਪ੍ਰਵਾਨ ਕੀਤਾ।

ਫਿਰ ਮਿਥੇ ਪ੍ਰੋਗਰਾਮ ਅਨੁਸਾਰ 15 ਜੁਲਾਈ ਦੀ ਰਾਤ ਨੂੰ ਬੁੱਚੜਖਾਨੇ 'ਤੇ ਸਿੰਘਾਂ ਵਲੋਂ ਕੀਤੇ ਹਮਲੇ ਵਿਚ 2 ਬੁਚੜ ਮਾਰੇ ਗਏ ਅਤੇ 7 ਸਿੰਘ ਜ਼ਖਮੀ ਹੋਏ । ਬੁਚੜਖਾਨੇ ਵਿੱਚ ਬਝੀਆਂ ਗਊਆਂ ਦੇ ਰੱਸੇ ਵੱਢ ਦਿੱਤੇ - ਉਨਾਂ ਨੂੰ ਅਜ਼ਾਦ ਕਰ ਦਿੱਤਾ। ਰਾਤੋ-ਰਾਤ ਸਿੰਘ ਉਥੋਂ ਗਾਇਬ ਹੋ ਗਏ। ਪਿੰਡ ਛੀਨੀਵਾਲ ਦੇ ਸਰਕਾਰੀ ਮੁੱਖਬਰ ਦਲ ਸਿੰਘ (ਦੱਲੂ) ਨੇ ਪੁਲਿਸ ਨੂੰ ਸੂਚਿਤ ਕਰ ਦਿੱਤਾ। ਇਸੇ ਦੁਰਾਨ ਤੇਜਾ ਸਿੰਘ ਢਿਲਵਾਂ ਵਾਲੇ ਨੇ ਸਿੰਘਾਂ ਨੂੰ ਸਾਰੀ ਵਾਰਤਾ ਜਾ ਸੁਣਾਈ ਅਤੇ ਆਖਿਆ ਕਿ ਜੇਠੂਪੁਰੇ ਦਾ ਰਿਸਾਲਾ ਮੁਲਾਜਿਮ ਤੁਹਾਨੂੰ ਫੜਨ ਲਈ ਆ ਰਿਹਾ ਹੈ। ਤੁਸੀਂ ਸਾਰੇ ਅਪਣਾ ਪ੍ਰਬੰਧ ਕਰ ਲਵੋ।

ਮਰਜੀਵੜੇ ਸੂਰਬੀਰ ਸ. ਤੇਜਾ ਸਿੰਘ ਦੀ ਗੱਲ ਸੁਣ ਕੇ ਡਰੇ ਨਹੀਂ, ਸਹਿਮੇ ਨਹੀ ਤੇ ਨਾ ਹੀ ਆਪਣੇ ਬਚਾਅ ਦੀ ਕੋਈ ਗੱਲ ਸੋਚੀ, ਉਨ੍ਹਾਂ ਨੂੰ ਤਾਂ ਧਰਮ ਪਿਆਰਾ ਸੀ। ਗਊ-ਬੱਧ ਕਰ ਭਾਰਤੀ ਸੂਰਬੀਰਾਂ ਦੀ ਅਣਖ ਨੂੰ ਵੰਗਾਰਨ ਵਾਲੇ ਅੰਗਰੇਜ਼ੀ ਹਾਕਮਾਂ ਨੂੰ ਏਹ ਨਸੀਹਤ ਦਿੱਤੀ ਸੀ ਕਿ ਇਹ ਦੇਸ ਸਾਡਾ ਹੈ ਅਸਾਂ ਆਜ਼ਾਦ ਕਰਵਾ ਕੇ ਦਮ ਲੈਣਾ ਹੈ। ਉਨ੍ਹਾਂ ਬਹਾਦਰ ਦਿਲ ਸੂਰਮਿਆਂ ਨੇ ਕਿਹਾ ਕਿ ਅਸਾਂ ਨੇ ਇਹ ਕੰਮ ਕੀਤਾ ਹੈ, ਅਸਾਂ ਭੱਜਣਾ ਨਹੀਂ। ਗੋਰਾ ਜੋ ਇਸ ਘਿਨਾਉਣੇ ਕੰਮ ਦੀ ਆੜ ਵਿਚ ਦੇਸ਼ ਵਾਸੀਆਂ ਨੂੰ ਗੁਲਾਮੀ ਦੀਆਂ ਜੰਜੀਰਾਂ ਵਿਚ ਜਕੜਨਾ ਚਾਹੁੰਦਾ ਹੈ। ਅਸਾਂ ਨੇ ਇਸ ਦੀ ਇਕ ਵੀ ਨਹੀਂ ਚਲਣ ਦੇਣੀ। ਅਸਾਂ ਨੇ ਡਰ ਕੇ ਭੱਜਣਾ ਨਹੀਂ- ਡੱਟ ਕੇ ਸਨਮੁੱਖ ਹੋ ਸਿਰ ਦੇਵਾਂਗੇ। ਕੁਰਬਾਨੀਆਂ ਦੇਵਾਂਗੇ। ਗਿ. ਗਿਆਨ ਸਿੰਘ ਜੀ ਨੇ ਪੰਥ ਪ੍ਰਕਾਸ਼ ਵਿਚ ਇਸ ਬਾਰੇ ਲਿਖਿਆ ਹੈ ਕਿ

ਯਦਪਿ ਪੁਜਾਰੀ ਥੇ ਬਿਰੋਧੀ ਇਨੈ ਕੇਰ ਥਏ॥
ਤੋ ਭੀ ਉਭੈ ਪੰਥ ਯੇ ਬਢਾਏ ਗੁਰੂ ਨੈ ਘਨੈ॥
ਸੁਨੋ ਅਬਿ ਧਰਮ ਕੇ ਹੇਤ ਸਿਰ ਦੈ ਕੈ ਕੂਕੇ,
ਧਰਮੀ ਸ਼ਹੀਦਨ ਮੈ ਗਏ ਜਿਸ ਹੈ ਗਨੇ॥

(228 ਪੰਥ ਪ੍ਰਕਾਸ਼ 1889 ਈ:)

ਇਸ ਤਰ੍ਹਾਂ ਇਨ੍ਹਾਂ ਬਹਾਦਰ ਸੂਰਮਿਆਂ ਨੇ ਆਪਣੇ ਆਪ ਨੂੰ ਪੁਲਿਸ ਦੇ ਹਵਾਲੇ ਕਰ ਦਿੱਤਾ। ਜਿਨਾਂ ਦੇ ਨਾਮ ਇਸ ਤਰ੍ਹਾਂ ਸਨ :- (1) ਸੰਤ ਮਸਤਾਨ ਸਿੰਘ (2) ਸੰਤ ਮੰਗਲ ਸਿੰਘ (3) ਸੰਤ ਗੁਰਮੁਖ ਸਿੰਘ ਅਤੇ (4) ਦਲ ਸਿੰਘ (ਦੱਲੂ) ਤੇ ਕਾਨ੍ਹਾਂ ਜੋ ਸਰਕਾਰੀ ਮੁਖਬਰ ਬਣ ਗਏ। ਇਨ੍ਹਾਂ ਦੋਨਾਂ ਨੂੰ ਤਾਂ ਬਾਅਦ ਵਿੱਚ ਸਰਕਾਰੀ ਗਵਾਹ ਬਣਾ ਕੇ ਛੱਡ ਦਿੱਤਾ ਗਿਆ। ਇਨ੍ਹਾਂ ਦੇ ਨਾਲ ਹੀ ਸੂਬਾ ਗਿਆਨੀ ਰਤਨ ਸਿੰਘ ਮੰਡੀ ਤੇ ਸੰਤ ਰਤਨ ਸਿੰਘ, ਪਿੰਡ ਨਾਈਵਾਲਾ ਦਾ ਨਾਂ ਵੀ ਲਿਆ ਗਿਆ ਕਿ ਇਹ ਹੱਲਾਸ਼ੇਰੀ ਅਤੇ ਮਦਦ ਦਿੰਦੇ ਸਨ। ਭਗਵਾਨ ਸਿੰਘ ਅੜਬੰਗੀ ਤਾਂ ਹਥ ਹੀ ਨਾ ਆਇਆ।

ਇਨਾਂ ਸਭਨਾਂ ਨੂੰ ਬੇੜੀਆਂ ਪਾ ਕੇ ਰਾਏਕੋਟ ਲਿਆਂਦਾ ਗਿਆ ਅਤੇ ਇਨ੍ਹਾਂ 'ਤੇ ਕਤਲ ਕਰਨ ਦਾ ਮੁਕੱਦਮਾ ਚਲਾਇਆ ਗਿਆ। ਇਹ ਮੁਕੱਦਮਾ ਬਸੀਆਂ ਕੋਠੀ ਚਲਿਆ। ਇਸ ਸਾਕੇ ਨੂੰ ਮੁੱਖ ਰੱਖ ਬਲਬੀਰ ਸਿੰਘ ਢਿਲੋਂਦੇ ਏਹ ਬੋਲ ਸਾਹਮਣੇ ਆ ਜਾਂਦੇ ਹਨ ਕਿ :

ਮੰਗਲ ਸਿੰਘ ਮਸਤਾਨ ਸਿੰਘ ਕਹਿਣ ਲਗੇ,
ਸਾਨੂੰ ਮੌਤ ਦੀ ਕੋਈ ਪਰਵਾਹ ਨਹੀਂ।
ਹੱਸ ਹੱਸ ਕੇ ਚੜਾਂਗੇ ਫਾਸੀਆਂ ਤੇ
ਧਰਮ ਛੱਡ ਕੇ ਜੀਣ ਦਾ ਚਾਅ ਨਹੀਂ।

27 ਜੁਲਾਈ 1871 ਨੂੰ ਸ਼ੈਸ਼ਨ ਜਜ ਨੇ: ਡਬਲਿਊ ਮੈਕਨਬ ਨੇ ਗਵਾਹਾਂ ਦੇ ਬਿਆਨਾਂ ਦੇ ਅਧਾਰ ਤੇ ਇਨ੍ਹਾਂ ਸਭਨਾਂ ਨੂੰ ਮੌਤ ਦੀ ਸਜਾ ਸੁਣਾਈ ਗਈ ਅਤੇ ਇਨ੍ਹਾਂ ਸਭਨਾਂ ਨੂੰ ਲੁਧਿਆਣੇ ਦੀ ਜੇਲ ਵਿਚ ਡੱਕ ਦਿੱਤਾ ਗਿਆ। ਫਿਰ ਫਾਂਸੀ ਦੀ ਸਜ਼ਾ ਦੀ ਪੁਸ਼ਟੀ ਹੋਣ ਮਗਰੋਂ ਤਿੰਨ ਸਿੰਘਾਂ -ਮੰਗਲ ਸਿੰਘ,

ਮਸਤਾਨ ਸਿੰਘ ਤੇ ਗੁਰਮੁਖ ਸਿੰਘ ਨੂੰ ਰਾਏ ਕੋਟ ਲਿਆਂਦਾ ਗਿਆ ਫਾਂਸੀ ਵਾਲੀ ਸੂਲੀ ਬੁੱਚੜਖਾਨੇ ਵਾਲੀ ਜਗਾ ਦੇ ਨਜ਼ਦੀਕ ਹੀ ਗੱਡੀ ਗਈ। ਆਸ਼ਕਾਂ ਨੂੰ ਸੂਲੀ 'ਤੇ ਚੜਦਿਆਂ ਦੇਖਣ ਲਈ ਲੋਕਾਂ ਦੀ ਕਾਫ਼ੀ ਭੀੜ ਇਕੱਠੀ ਹੋ ਗਈ। ਉਹ ਇਕ ਦੂਜੇ ਨੂੰ ਕਹਿ ਰਹੇ ਹਨ ਕਿ :

ਚਲੋ ਸਹੀਓ ਰਲ ਵੇਖਣ ਚਲੀਏ - ਆਸ਼ਕ ਸੂਲੀ ਚੜ੍ਹਦੇ।
ਸੂਲੀ ਚੜ੍ਹਕੇ ਕਰਨ ਮਜਾਕਾਂ, ਮੌਤੋਂ ਮੂਲ ਨਾ ਡਰਦੇ।

5 ਅਗਸਤ 1871 ਨੂੰ ਸੈਂਕੜੇ ਲੋਕਾਂ ਦੇ ਸਾਮ੍ਹਨੇ ਰੇਸ਼ਮੀ ਰਸਿਆਂ ਨਾਲ ਇਹ ਸੂਰਮੇਂ- ਮੰਗਲ ਸਿੰਘ, ਮਸਤਾਨ ਸਿੰਘ ਤੇ ਗੁਰਮੁੱਖ ਸਿੰਘ ਪਿਥੋਂ ਵਾਲਿਆਂ ਨੇ ਰਾਏਕੋਟ ਸ਼ਹੀਦੀ ਪ੍ਰਾਪਤ ਕੀਤੀ ਅਤੇ ਸੂਬਾ ਗਿ: ਰਤਨ ਸਿੰਘ ਤੇ ਸੰਤ ਰਤਨ ਸਿੰਘ ਤੇ ਮੁਕੱਦਮਾ ਲੁਧਿਆਣੇ ਚਲਦਾ ਰਿਹਾ ਅਤੇ ਅਖੀਰ 26 ਨਵੰਬਰ 1871 ਨੂੰ ਲੁਧਿਆਣੇ ਵਿਖੇ ਉਨ੍ਹਾਂ ਨੂੰ ਵੀ ਫਾਂਸੀ ਦਿੱਤੀ ਗਈ।

ਗਊ ਬੱਧ ਕਰਨ ਵਾਲੇ ਬੁੱਚੜਾਂ ਦਾ ਕਤਲ ਕਰਨਾ ਕੂਕੇ ਸਿੰਘਾਂ ਵਲੋਂ ਸਵੈ-ਅਭਿਮਾਨ ਭਰਪੂਰ ਹੌਂਸਲੇ ਭਰੀ ਦਲੇਰੀ ਸੀ। ਭਾਰਤ ਦੇਸ਼ ਨੂੰ ਗੁਲਾਮ ਕਰ ਅੰਗਰੇਜ਼ ਸਰਕਾਰ ਪਾੜੋ ਤੇ ਰਾਜ ਕਰੋ ਦੀ ਕੁਟਿਲ ਨੀਤੀ ਅਪਨਾ ਕੇ ਭਾਰਤੀਆਂ ਤੇ ਅਤਿਆਚਾਰ ਕਰ ਰਿਹਾ ਸੀ। ਪਰ ਇਨਾਂ ਵਾਰਦਾਤਾਂ ਦੇ ਬਾਵਜੂਦ ਕੂਕੇ ਸਿੰਘ ਡਰ ਕੇ ਬੈਠੇ ਨਹੀਂ। ਸਤਿਗੁਰੂ ਰਾਮ ਸਿੰਘ ਜੀ ਦੇ ਵਰੋਸਾਏ ਸੰਤ ਸਿਪਾਹੀਆਂ, ਧਰਮੀ ਯੋਧਿਆਂ ਦੇ ਦਿਲਾਂ ਵਿਚੋਂ ਅੱਣਖ ਤੇ ਗੈਰਤ ਉੱਛਲ ਉੱਛਲ ਪੈ ਰਹੀ ਸੀ। ਉਹ ਆਪ ਮਰ ਸਕਦੇ ਸਨ, ਪਰ ਕੌਮੀ ਧਰਮ ਅਸਥਾਨਾਂ ਦੀ ਬੇਅਦਬੀ ਨਹੀਂ ਸਨ ਸਹਾਰ ਸਕਦੇ। ਹਰ ਸਾਲ ਦੀ ਤਰ੍ਹਾਂ ਸ਼ਹੀਦਾਂ ਦੀ ਯਾਦ ਵਿਚ ਰਾਏਕੋਟ ਵਿਖੇ ਮੇਲਾ ਕੀਤਾ ਜਾਂਦਾ ਹੈ। ਜਿਵੇਂ ਕਿ :

ਸ਼ਹੀਦੋਂ ਕੀ ਚਿਤਾਓਂ ਪਰ ਲਗੇ ਹਰ ਬਰਸ ਮੇਲੇ।
ਵਤਨ ਪੇ ਮਰਨੇ ਵਾਲੋਂਕਾ ਬਾਕੀ ਯਹੀ ਨਿਸ਼ਾ ਹੋਗਾ??

## ਬਾਕੀ ਸਫ਼ਾ ਨੰ. 16 ਦੀ .....ਵਿਵਹਾਰਕ ਪੱਖ

ਲੱਖਾਂ ਰੁਪਇਆਂ ਨਾਲ ਜਿਤੇ ਮੁਕਦਮੇ ਗੱਲਤੀ ਮੰਨਕੇ ਚਰਨੀਂ ਡਿਗ ਪੈਣ ਨਾਲ ਮੁਖਾਲਫ਼ ਦੀ ਮਰਜ਼ੀ ਤੇ ਪਾ ਦਿੱਤੇ। ਪਰ ਅੰਦਰੋਂ ਖੋਟਿਆਂ ਨੂੰ ਜ਼ਿੰਦਗੀ ਭਰ ਵੀ ਹਜ਼ੂਰ ਦਾ ਅੰਦਰਲਾ ਪਿਆਰ ਨਹੀਂ ਪ੍ਰਾਪਤ ਹੋ ਸਕਿਆ।

ਸਤਿਗੁਰ ਜੀ ਨੇ ਸਪੱਸ਼ਟਵਾਦ ਨੂੰ ਸਦਾ ਹੀ ਤਰਜੀਹ ਦਿੱਤੀ। ਜਿਸ ਨਾਲ ਅੰਦਰੋਂ ਵਿਰੋਧ ਉਠਦਾ, ਉਸਨੂੰ ਸਾਫ਼-ਸਾਫ਼ ਕਹਿ ਦੇਣਾ ਆਪ ਦੀ ਵਿਹਾਰਕ ਸ਼ੁਧਤਾ ਸੀ। ਸਤਿਗੁਰੂ ਜੀ ਫ਼ਰਮਾਂਦੇ, "ਅਕਾਲ ਪੁਰਖ ਨੇ ਕਿਸੇ ਚੀਜ਼ ਦੀ ਭੁੱਖ, ਤੇਹ ਤੇ ਲੋੜ ਨਹੀਂ ਰਹਿਣ ਦਿੱਤੀ, ਫਿਰ ਰਾਜਨੀਤਕ ਗਰਜ਼ਾਂ ਜਾਂ ਹੋਰ ਲਾਲਚਾਂ ਲਈ ਅਸੀਂ ਅੰਦਰੋ ਕੁਝ ਤੇ ਬਾਹਰੋਂ ਕੁਝ ਹੋਰ ਕਿਉਂ ਰਹੀਏ। ਅੰਦਰ ਬਾਹਰ ਦਾ ਫ਼ਰਕ ਤਦ ਤੱਕ ਹੀ ਬੰਦਾ ਰਖਦਾ ਹੈ ਜਦ ਤਕ ਉਸਨੂੰ ਆਪਣੇ ਆਪ ਤੇ ਵਿਸ਼ਵਾਸ ਨਹੀਂ ਤੇ ਉਸਨੇ ਦਾਅ ਘਾਅ ਲਾਣਾਂ ਹੈ। ਸਪੱਸ਼ਟਵਾਦੀ ਹੋਣ ਨਾਲ ਮਨੁੱਖ ਹੌਲੇ ਭਾਰ ਰਹਿੰਦਾ ਹੈ। ਵਿਰੋਧ ਪ੍ਰਗਟ ਕਰੋ, ਪਰ ਉਹ ਠੋਸ ਕਾਰਨਾਂ ਤੇ ਸੁਚੱਜੇ ਬੋਲ ਚਾਲ ਤੇ ਨਿਰਭਰ ਹੋਵੇ।"

ਰਾਜਨੀਤਕ ਅਨਾਚਾਰਾਂ ਨੂੰ ਉਹਨਾਂ ਆਪਣੇ ਧੜੇ ਦੇ ਪੱਖੋਂ ਕਦੇ ਨਹੀਂ ਸਹਿਆ। ਆਪਣੇ ਫੈਸਲੇ ਤੇ ਅਝੁਕ ਖਲੋਤੇ ਰਹਿਣਾ ਆਪ ਜੀ ਦੇ ਵਿਵਹਾਰ ਦਾ ਇਕ ਹੋਰ ਜ਼ਰੂਰੀ ਲੱਛਣ ਸੀ।

ਆਮ ਕਰਕੇ ਵੱਡੀਆਂ ਪੋਜ਼ੀਸ਼ਨਾਂ, ਜ਼ਾਇਦਾਦਾਂ ਤੇ ਗੱਦੀਆਂ ਵਾਲੇ ਰਾਜਨੀਤਕ ਪ੍ਰਭੂਆਂ ਅੱਗੇ ਗੋਡੇ ਟੇਕਦੇ ਤੇ ਧਰਮ ਛੱਡ ਲਾਲਚ ਅਧੀਨ ਕਈ ਤਰ੍ਹਾਂ ਦੀਆਂ ਨੀਤੀਆਂ ਤੇ ਸੌਦੇਬਾਜ਼ੀਆਂ ਕਰਨ ਤੇ ਮਜ਼ਬੂਰ ਹੋ ਜਾਂਦੇ ਹਨ ਪਰ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਭਾਈ ਘਸੀਟਾ ਸਿੰਘ ਕਤਲ ਕੇਸ ਤੋਂ ਉਨੇ ਰਾਜਨੀਤਕ ਬਵੰਡਰ ਅਗੇ ਆਪਣੀ ਧੌਣ ਨੂੰ ਇਕ ਲਮਹੇ ਲਈ ਵੀ ਨਹੀਂ ਝੁਕਾਇਆ, ਸਗੋਂ ਆਪਣੇ ਅੰਤਮ ਦਿਨ ਦੀ ਇੰਤਜ਼ਾਰ ਵਿੱਚ ਮੰਡੀ ਸਕੇਤ ਵੱਲ ਚਲੇ ਗਏ। ਆਪ ਜੀ ਦੇ ਜੀਵਨ ਦੇ ਉਹ ਅਤਿ ਕਰੜੇ ਦਿਨ ਸਨ। ਮੇਰੇ ਮੰਡੀ ਗਿਆਂ, ਮਹਾਨ ਤੇਜਸਵੀ ਸਤਿਗੁਰੂ ਜੀ ਨੇ ਗੱਲਾਂ ਬਾਤਾਂ ਚਲਦਿਆਂ ਇਕ ਦਿਨ ਕਿਹਾ, "ਬੰਦਾ ਰੋਜ਼-ਰੋਜ਼ ਨਹੀਂ ਮਰਦਾ ਤੇ ਕਾਇਰ ਹਰ ਘੜੀ ਮਰਦਾ ਹੈ। ਪੰਜਾਬ ਸਰਕਾਰ ਮੈਨੂੰ ਆਪਣੇ ਝੂਠੇ ਜ਼ੋਰ ਨਾਲ ਨਿਵਾਣ ਲਈ ਸਾਰਾ ਟਿੱਲ ਲਾ ਰਹੀ ਹੈ, ਪਰ ਪ੍ਰਤਾਪ ਸਿੰਘ ਕਿਸੇ ਅਗੇ ਗਲਤ ਦਬਾਅ ਨਾਲ ਝੁਕਣ ਨੂੰ ਤਿਆਰ ਨਹੀਂ। ਉਹਨਾਂ ਦੀ ਬਦਨੀਅਤ ਮੈਨੂੰ ਕੂੜ ਪ੍ਰਧਾਨ ਕਚਹਿਰੀਆਂ ਵਿਚ ਨਹੀਂ ਖੜ੍ਹ ਸਕਦੀ। ਜਿਨ੍ਹਾਂ ਕਚਹਿਰੀਆਂ ਵਿੱਚ ਜਾਣ ਤੋਂ ਮੈਂ ਨਾਮਧਾਰੀਆਂ ਨੂੰ ਹਟਕਦਾ ਰਿਹਾ ਹਾਂ ਅਤੇ ਅਨੇਕਾਂ ਲੋਕਾਂ ਨੂੰ ਇਸ ਲੱਖਾਂ ਰੁਪੈ ਦੀ ਫਜ਼ੂਲ ਖਰਚੀ ਅਤੇ ਵਾਧੂ ਬਖੇੜਿਆਂ ਤੋਂ ਬਚਾਇਆ ਹੈ ਅੱਜ ਮੈਂ ਹੀ ਕੁਝ ਚਲਾਕ ਲੋਕਾਂ ਦੀ ਸਾਜ਼ਸ਼ ਨਾਲ ਕਚਹਿਰੀ ਵਿਚ ਜਾ ਖਲੋਵਾਂ। ਇਹ ਕਦੇ ਨਹੀਂ ਹੋਵੇਗਾ।"

ਤੇ ਅਸਾਂ ਵੇਖਿਆ ਕਿ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਜਿਨ੍ਹਾਂ ਕਲਿਜੁਗ ਵਿਚ ਸਤਿਜੁਗੀ ਆਚਰਨ ਦੇ ਪਸਾਰ ਪ੍ਰਚਾਰ ਲਈ ਦਿਨ ਰਾਤ ਇਕ ਕੀਤੀ ਰੱਖਿਆ, ਜਿਨ੍ਹਾਂ ਅਪਣੇ ਬਚਨ ਅੰਮ੍ਰਿਤ ਨਾਲ ਪਾਪ ਗ੍ਰਸਤ ਤੇ ਪੈਰ-ਪੈਰ ਮੁਰਝਾਦੇ ਲੱਖਾਂ ਲੋਕਾਂ ਨੂੰ ਸੁਰਜੀਤ ਕੀਤਾ, ਅੰਤ ਆਪ ਸਤਿਜੁਗੀ ਜੀਵਨ ਦੇ ਸੰਗਰਾਮ ਲਈ ਹੀ ਜੂਝਦਿਆਂ ਜਾਨ ਉਤੇ ਖੇਲ ਗਏ।

ਸਤਿਗੁਰੂ ਪ੍ਰਤਾਪ ਸਿੰਘ ਜੀ ਸਾਡੇ ਵਿਚ ਨਹੀਂ ਪਰ ਉਹ ਆਪਣੇ ਉੱਚ ਆਚਾਰ ਅਤੇ ਸੁਥਰੇ ਵਿਵਹਾਰਕ ਜੀਵਨ ਕਰਕੇ ਸਦਾ ਹੀ ਸਾਡੇ ਹਿਰਦਿਆਂ ਵਿਚ ਪ੍ਰਕਾਸ਼ ਕਰਦੇ ਰਹਿਣਗੇ। ਉਹਨਾਂ ਦੀ ਅਬੁਝ ਜੀਵਨ-ਜੋਤ ਸਤਿਗੁਰੂ ਜਗਜੀਤ ਸਿੰਘ ਜੀ ਦੀ ਮਹਾਨ ਹੋਣੀਆਂ ਭਰੀ ਸ਼ਖਸੀਅਤ ਨਾਲ ਸਦਾ ਹੀ ਸਾਨੂੰ ਸੱਚੇ ਸੁਚੇ ਜੀਵਨ ਲਈ ਪ੍ਰੇਰਦੀ ਰਹੇਗੀ।

..............................................................

# Food4All, U.K

Anju (Harmit) Ahluwalia
Nirmaljeet Singh Saggu

## East London Sadh Sangat member awarded in Queens Birthday Honours list.

In this year's Queens Honours list Anju Ahluwalia was awarded the British Empire Medal for her charitable work with Food4All, and especially her work in the last year as the whole world has suffered under the Covid-19 Pandemic.

The BEM or the British Empire Medal is a medal awarded for meritorious (meaning 'deserving reward or praise') civil or military service worthy of recognition by the Crown. The current honour was created in 1922 to replace the original medal, which had been established in 1917 as part of the Order of the British Empire. Recipients of the BEM are entitled to use the post-nominal letters 'BEM' after their names.

On being awarded this honour Anju Ahluwalia said **"When I think about who I am and what I have done, I just see myself as an individual that has experienced positive and negative situations in life and have taken those experiences and worked hard to make my life better and do more for others in the world".**

***What is Food4All and the idea behind Food4All?***

Nirmal Saggu and Anju Ahluwalia BEM are from the East London UK sangat, they got married in 2006 and both came together with the experience of seva while they were growing up from their own individual parents and families.

The idea for Food4All was born in October 2016 when Anju (Harmit) Ahluwalia BEM (CEO) Nirmal Saggu were sitting at the



Gurdwara in East London. They wanted to take the Guru Nanak Dev Ji's langar to those in society who needed it the most. Using the sikh concept of selfless service and seva in the community, the idea to begin Food4All was put into action.

When they started, they decided to save the money they would use to go out, eat out and socialise. By saving this money they would then use the funds they saved to prepare and cook langar for the homeless and rough sleepers in and around East London.

As they continued this seva, many more members of the Sangat joined them in this seva to help those that needed the langar the most.

Anju herself understood the concept of worrying about having money to feed herself. After she graduated from university, she secured amazing job that was paying her good money and then one day she got very ill and as a result

lost her job as she ended up taking a lot of time off work. She had to move out of the house she was renting andcould not afford to pay the rent. At this time, she did not want to go to her family and ask for help as she felt that she could overcome the situation.

She ended up on benefits and moved in with her best friend, who she stayed with for 6 months before moving into a women's only hostel. Money was tight and she had to think about paying service charges or getting food to eat. At that point, her best friend said at it was her job to provide her with a hot meal everyday and she would cook and bring that t o her and her then partner supported her emotionally with her journey.

Anju always said that she would PAYITFORWARD supporting people with food and empowerment so that is where this charity was formed from and why she decided to work in charity field for over 13 years.Nirmal works in social housing and loves cooking and enjoys giving back and is connected to giving in terms of “SEVA”. The work that both do with Food4All is all on a voluntary basis and every single penny that comes into the charity goes to the cause and principles that are set out for the work that Food4All do.

At Food4All we now provide hot vegetarian meals at our weekly soup kitchens, along with food we also provide clothes, toiletries, drinks etc. to our guests.

Food4All has been blessed from Sri Satguru Uday Singh Ji on his visits to the UK and the charity has grown with their blessings. The team at Food4All can progress with all that they do because of Satguru Ji's kirpa. There are many individuals that help from the East London Sangat with the work of the charity as and are ably supported by the extended UK wide Namdhari community.

***How has Food4All Grown?***

Currently Food4All are cooking twice a week. They are supplying cooked vegetarian meals to four homeless hostels, mutual aid groups, over fifty individuals and struggling families.

With Satguru Ji's Kirpa, Food4All has grown from providing around 250-300 hot vegetarian meals to 1000 plus meals to the homeless and low-income individuals and families in London on a weekly basis.

We can do this with the help of family, friends, and volunteers. All the UK Sangat have supported us through this journey as we have grown.

Individuals sponsor the weekly kitchens, and sponsorship is £350 and provides meals to up to 600 people. Also we have numerous families and donators who regularly contribute rations and money that go towards helping providing the cooked meals.

We also run fundraising events to raise money such as climbingMount Snowdon; cake and bake salesat the local Namdhari Gurdwara's around the UK. This year they are planning to do sponsored sky dives and we havevolunteers running the London marathon.

We also have several businesses that provide us with regular donations of raw ingredients alone with individuals in the UK sangat that will donate what we need on a weekly basis. Ongoing support from our volunteers and donations is key to sustain our programme of events, and our soup kitchens.

**Continued on page no. 33**

# Mohan Lal's Travel Account as Source Material on Maharaja Ranjit Singh and His Times

**Meera Nanda**
**S.R F., Department of History,**
**Kurukshetra University, Kurukshetra.**

Mohan Lal was the product of the Delhi English College established by Lord Amherst's Government in 1827. He was one of the officials of the British Government sent on assignment abroad and has left an excellent account of his travels. His account is important because coming from the pen of an Indian, as it does, it serves as a valuable set-off against the narrative of the European travellers.

Mohan Lal was a Kashmiri visitor to the Court of Maharaja Ranjit Singh. He was the son of Rao Budh Singh, and grand-son of Raja Mani Ram, of Kashmir Raja Mani Ram held a high rank, with a considerable estate, at the court of the late emperors of Delhi. Mohan Lal's father accompanied Mountstuart Elphinstone to Peshawar, as a Persian secretary. So from his early childhood, he took an interest in the affairs of that quarter. His journal Travels in the Punjab, Afghanistan and Turkistan...gives an excellent account of the life and times of Maharaja Ranjit Singh. Mohan Lal started his travel to Turkistan on 18 December 1831 in the company of Sir Alexander Burnes, Assistant Resident in Cutch, in the capacity of an interpretor and Persian secretary.[1] The route of his travel was via Punjab. Afghanistan and Turkistan to Balkh Bokhara and Herat.

After receiving a friendly letter with a bag of money, Burnes and his entourage arrived at Lahore on January 18, 1832. Mohan Lal states that when they reached the tent in which Ranjit Singh held his Darbar, the latter came forward a few paces to receive them; he then placed Mr Burnes and Dr Gerard on golden chairs, and talked for two hours with them in a very friendly manner. The Maharaja asked Mohan Lal's name and Mr. Burnes told him about him.

This extraordinary consideration shown by the Maharaja even to a middle rung officer like Alexander Burnes not only indicates his friendly disposition towards the British but also his consciousness of his own weakness vis-a-vis the British. This observation of Mohan Lal is corroborated by Jacquemont and Burnes. Even Hugel states that being a weaker neighbour of British nation, Ranjit Singh always remained a faithful ally to the British Government.[2] N.K. Sinha also comments in this connection, "...jn almost all cases, as Bismark has put it, a political alliance means a rider and a horse. In this Anglosikh Alliance, the British Government was the rider and Ranjit Singh was the horse."[3]

About the physical appearance of the Maharaja, Mohan Lal describes Ranjit Singh as "a thin man, his long beard, which reached his navel, was silvered by age."

Mohan Lal describes the supreme position of the Maharaja and writes that he governed his kingdom without any minister or counsellor. This view of Mohan Lal is amply supported by Moorcraft, Masson, Jacquemont,

Burnes, Wolff, Hugel, Shahamat Ali, Honigberger and Cunningham. As Hugel states, none of Ranjit Singh's courtiers, Indian or foreigner, had influence on his actions, and though he squandered vast sums on his favourites, they had no power over him. Their advice was followed when it was good, but it was never accepted without a trial of its value.[4] J.D. Cunningham also states, "though Ranjit Singh was guilty of favouring men like Khush hal Singh and Dhian Singh, his mind was never prostrate before that of others."[5] Moorcraft even adds that the vassals of Ranjit Singh were so tired of his highh andedness that almost all of them wanted to come under British protection.[6]

But the above mentioned view of Moorcraft is not shared by any other contemporary traveller.

Mohan Lal refers to the vices of the Maharaja, such as the use of opium and wine. He also disapproved of Maharaja's style of having beautiful dancing girls before him while talking to the Europeans.

Like almost all contemporary writers, Mohan Lal also describes the picture of the Lahore city, from the construction point of view. He writes that the soil was very rich.

Mohan Lal records that the established religion of Lahore was Sikhism. The inhabitants worshipped Baba Nanak, whom they called Guru or Abbot. Mohammedans were scarcely tolerated and even disgracefully treated.[7] Mohan Lal's view that the Mohammedans were badly treated in the kingdom of Ranjit Singh is not correct. In fact all the contemporary accounts show Maharaja's secularism. As it is clear from Jacquemont's account, Ranjit Singh even made pilgrimages to the tombs of celebrated Mohammedan saints.[8] Hugel also describes about his visit to the devi.[9] Even Mohammedan traveller Shahamat Ali (1838) records that under Ranjit Singh, in general, the common mass of the people professed either Hinduism, Mohammedanism or Sikhism. For instance, he records that the sacred Sikh shrine of Punja Sahib, the tomb of the Mohammedan Faqir and Hindu temple of Gorakhnath were equally respected in the time of Ranjit Singh.[10]

This secularism had its foundation both in the catholicity of Ranjit Singh as well as in his political acumen. As pointed out by K.S. Gill, "all manner of things were said about him that he was the founding father of secularism in India. In his kingdom, the Sikhs were in minority and Muslims and Hindus were in majority. May be his secularism was, in fact, a recognition of the political realities."[11]

Like almost all travellers of the Maharaja's court, Mohan Lal also records an inherent quality of kindness of Ranjit Singh. He states that Ranjit Singh had passed a law that the noses and ears of thieves shall be cut off, and a fine of two or three thousand rupees imposed on a murderer but they were not sentenced to death. In this connection, Hugel also narrates, "he always treated his fallen foes with deliberate kindness, and seldom wantedly imbrued his hands in blood : "never perhaps was so large an empire founded by one man with so little criminality "[12]

In his account. Mohan Lal reters about the beauty and cheer fulness of the females in Punjab. When he saw a crowd of women engaged in drawing water from well, he observed that they seemed to have masculine

spirits. This observation reflects a fairly true picture of the villages and women of the Punjab in the early nineteenth century. Specially, he gives a description of Darapur village of the Punjab. According to him,"the women of this village are beautiful and fond of indulgence. They have power over their husbands whom they control rather than obey, and do what they like."[13]

It seems clear from this that the women of that village enjoyed considerable freedom but it was not the case in the whole of Punjab as it is not supported by any other contemporary account. As Masson comments, the Sikh females were seldom permitted to go abroad.[14]

He also comments on the natives of the Punjab that they were more filthy, they seldom took bath or washed their faces. Thus, they were much afflicted with fever and cold. This view of Mohan Lal is not shared by any other contemporary writer. As Masson comments, the natives of Punjab were physically superior to those of Hindustan. The Sikhs were certainly a fine race of men. Even as soldiers, the natives of Punjab were extremely patient of fatigue and capable of making prodigious marches with apparent ease. On this point, they prided themselves.[15] This observation of Masson is corroborated by Burnes.

Mohan Lal gives a description of the salt-mines of the Punjab which were situated near Pind Dadan Khan. He narrates that near the village of Khavira', there were a great number of men, women and their little children at work in a largest mine. The workmen were unhealthy because the temperature was 20 degrees above that of other mines. The revenue of the salt-mines amounted to eighteen lakhs of rupees a year, with two lakas additional for the duties. The salt was exported, laden on muies and camels, to all parts of the Punjab, but seldom to India.[16] Like Jacquemont. Mohan Lal did not give the account of me main commodities exported to India such as rock, timodi awe shawls.

He comments on the condition of the agriculture and the farmers of the Punjab. He states that the agriculture was bad, because the ground was unequal and consequently the husband men were poor, and often prompted to sell their daughters and sons to provide themselves with the necessities of life. On the other place, Mohan Lal comments regarding Rawalpindi that the soil was richly cultivated and husbandmen were smart and strong, but still they were careless of agriculture, in consequence of the oppression they suffered from the Sikh Government."[17]

Osborne also confirms this observation regarding the soil of Punjab. According to him, “the soil appears to be rich and prolific, as far as it is possible to judge from the small quantity of ground under cultivation; and with a more enlightened government, there can be little doubt of the Punjab becoming one of the richest provinces of India.”'[18]

Thus, Mohan Lal's account reflects that both the government and the farmers were careless of agriculture. Therefore, both were more responsible for the under utilization of the natural resources.

Mohan Lal refers to the disturbance caused by Afghans. According to him, “Shah Mohammud and Fateh Khan Vazir with inferior forces, continued for a long time to disturb and harass Maharaja Ranjit Singh till at length they

were totally routed and driven across the Indus. Since then, none of the Durranis have dared to wage war with Ranjit Singh."[19] He comments on the character of Sardar Hari Singh Nalwa, whose appearance, deportment, intripid language, as well as moral qualities resembled those of Ranjit Singh.[20]

Mohan Lal visited Peshawar in 1834, while it was being ruled by the Barqzai Sardars as tributaries of the Sikhs. He estimated its population at 80,000, mostly Afghans of Indian origin. Surrounded by mountains on three sides, the soil of the valley was very rich and fertile. He draws a pen-picutre of its governor. According to him, Sultan Muhammad Khan, the present Governor of Peshawar was notorious for his lucidness and was always surrounded by females, married and unmarried. He was careless of his country and government. He was always employed in adorning himself with splendid and precious robes, on account of which he was called Sultan Bibi or lady by Dost Muhammad Khan, the ruler of Kabul. Sultan Muhammad Khan. commonly called Sardar, was a man of middle stature. He passed the meridian of life and was fond of pleasure. [21]

Mohan Lal states that in the time of Ranjit Singh Rohtas. and Attock forts were very strong. Shahamat Ali also describes how the fort of Attock was handed over to the Sikhs by its Afghan governor, Jahandad Khan, who betrayed his master and delivered it to Ranjit Singh for a bribe. [22]

Mohan Lal describes the trade of Multan in agricultural products. The principal marts of the country of Multan were Amritsar, Bahawalpur, Khairpur, Dera Ghazi Khan, Dera Ismail Khan and Mithankot, which had communications with the merchants of Shikarpur, Kandhar, Herat, Bokhara, Peshawar, Kabul, Sind and India. Merchants of Shikarpur especially the Lohani resident at Multan carried on incurative trade with central Asia. Multan imported silk from Bokhara in Turkistan at the rate of Rupees 2837.8 per camel load of 61/2 maunds brought by the Lohavis via Kabul and Ghazni. Silk articles were mostly exported to Amritsar-silk cloth, chintz and indigo worth Rs. 5.50.000 were exported to Khurasan and Turkistan. The export figures for Sind are Rs. 20,000, India Rs. 50,000—Amritsar Rs. 20,000.[23]

Amritsar was the chief centre of trade. An indigenous system of insurance of merchandize called the 'hunda' was current for silk trade between Multan and Amritsar. It amounted to Rs. 50 per mound which included the freight but the custom duties were payable by the owner of the cargo.24

Thus, Mohan Lal's Travel Account is one of the most important of original sources of information regarding Maharaja Ranjit Singh and his times. It is very interesting to note that like the court chroniclers, namely Sohan Lal Suri and Amar Nath, his main emphasis had not been on the political events. His description of the country and the people of the Punjab testifies to his keen observation of the social, economic and political conditions of the time. Like most of the contemporary Persian writers, his work does not display a great historical sense because he has not used the important Persian manuscripts on history, which were avallable at that time. Mohan Lal, with all his limitations, throws fresh light on the trade and commerce between the Lahore kingdom and

the adjacent countries, left out by the court chrom of Maharaja Ranjit Singh. The statistics of internal trade and its barriers custom duties, trade routes and mode of transport of the Punjab supplied by him are first hand and authentic.

## References


1. Mohan Lal, Travels in the Punjab, Afghanistan and Turkistan, etc. (Reprint, Patiala, 1971), p. 1. As Mohan Lal himself pointed out, he was not a munshi of Sir Alexander Burnes, who had a munshi from Bombay, named Mohammed Ali.
2. Hugel, Baron Charles, Travels in Kashmir and the Punjab containing a particular account of the Government and character of the Sikhs (Reprint, Patiala, 1970), p. 16.
3. Sinha, N.K., Ranjit Singh (Reprint, Calcutta, 1960), p. 191.
4. Hugel, op. cit., pp. 348, 388, 404, 410.
5. Cunningham, J.D., History of the Sikhs (reprint, Delhi, 1972) p. 161.
6. Moorcraft, William and Trebacta, G., Travels in the Himalayan Provinces of Hindustan and the Punjab, in Ladakh and Kashmir, in Peshawar, Kabul, Kunday and Bokhara from 1819 to 1825 (Reprint, Patiala, 1970), Vol. I, pp. XIX. XX.
7. Mohan Lal, op. cit., p. 13.
8. Letters from India (London, 1834), p. 399.
9. Hugel, op. cit., p. 45.
10. Shabamat Ali, The Sikhs and Afghans (Reprint, Patiala, 1970), p. 201.
11. Grewal, J.S. and Indu Banga, Maharaja Ranjit Singh and His Times (Amritsar, 1980), p. XV.
12. Hugel, op. cit., p. 288.
13. Mohan Lal, op. cit., pp. 22, 23, 27.
14. Masson, Charles, Narrative of Various Journeys in Balochistan, Afghanistan and the Punjab (Reprint, Karachi, 1974), p. 434.
15. Ibid., pp. 435, 436.
16. Mohan Lal, op. cit., p. 25.
17. Ibid., pp. 26, 32.
18. Osborne, W.G., Ranjit Singh - The Lion of the Punjab (Calcutta, 1952), p. 22.
19. Mohan Lal, op. cit., p. 32.
20. Ibid., p. 35.
21. Ibid., pp. 41-44.
22. Shahamat Ali, op. cit., p. 179.
23. Mohan Lal, op. cit., p. 391.
24. Ibid., p. 398.


## Food4All, U.K

***....Why we continue with Food4All?***


With Food4All we have many stories that positive action has helped our guests that use our soup kitchens weekly. Through donations of clothes, we have helped people who have very little clothes. We have provided brand new formal shirts, which has helped one guest pass his interview and secure a job.

When we volunteer at the weekly food distributions the feeling you get from helping those less fortunate in our society is priceless, and the guests really appreciate the time we dedicate to helping them. Their gratitude is very heart warming and keeps the whole team going with this seva.

Website – www.food4alluk.org

.................................................................

# ਬੀਤੇ ਦੀਆਂ ਪੈੜਾਂ



**(ਅਣਛਪਿਆ-ਭਾਗ)**

**(ਪਿਛਲੇ ਅੰਕ ਤੋਂ ਅੱਗੇ)**

**ਪ੍ਰੀਤਮ ਸਿੰਘ ਕਵੀ**

**2 ਅਕਤੂਬਰ 1986, ਵੀਰਵਾਰ**

**ਗੁਰੂ ਕੇ ਦਰਸ਼ਨ –** ਸਤਿਗੁਰੂ ਜੀ ਪ੍ਰਸ਼ਾਦ ਛੱਕ ਜ਼ਰਾ ਆਰਾਮ ਕਰਨ ਲਈ ਹੇਠਾਂ ਉਤਰੇ ਤਾਂ ਮੈਂ ਨਮਸਕਾਰ ਕੀਤੀ। ਇਸ ਮੌਕੇ ਸ. ਗੁਰਚਰਨ ਸਿੰਘ ਰਾਜਾ ਜੰਗ ਆਈ. ਜੀ. ਪੁਲਿਸ ਅਤੇ ਡਾਇਰੈਕਟਰ ਕੋਲ ਆਫ਼ ਇੰਡੀਆ ਆਪਣੇ ਪਿਤਾ ਸ. ਅਨੂਪ ਸਿੰਘ ਰੀਟਾਇਰਡ ਐਸ. ਪੀ. ਅਤੇ ਵੀਰ ਕੁੱਕੂ ਨਾਲ ਆਏ ਹੋਏ ਸਨ। ਦੋਹਾਂ ਪਿਉ ਪੁੱਤਰਾਂ 100-100 ਰੁਪੈ ਦੇ ਨੋਟ ਚਰਨਾਂ ਤੇ ਰੱਖ ਨਮਸਕਾਰ ਕੀਤੀ। ਇਹ ਪਰਵਾਰ ਜੀਵਨ ਨਗਰ ਜਾ ਰਿਹਾ ਹੈ। ਸ. ਗੁਰਚਰਨ ਸਿੰਘ ਹੁਰਾਂ ਮੈਨੂੰ ਦੱਸਿਆ ਕਿ ਉਹ ਹੁਣੇ ਚੰਡੀਗੜ੍ਹੋਂ ਆਏ ਹਨ ਤੇ ਜੀਵਨ ਨਗਰ ਨੂੰ ਜਾ ਰਹੇ ਹਨ ਪਰ ਸ੍ਰੀ ਸਤਿਗੁਰੂ ਜੀ ਦੇ ਦਰਸ਼ਨਾਂ ਦੀ ਉਤਕਟ ਇੱਛਾ ਹੀ ਖਿੱਚ ਲਿਆਈ। ਇਹਨਾਂ ਦੇ ਮਾਤਾ ਜੀ (ਮਾਤਾ ਜੀਵਨ ਕੌਰ ਜੀ ਦੀ ਭਤੀਜੀ) ਵੀ ਨਾਲ ਸਨ ਪਰ ਉਹਨਾਂ ਨੂੰ ਸਤਿਗੁਰੂ ਜੀ ਕੋਠੀ ਜਾਣ ਦੀ ਆਗਿਆ ਨਹੀਂ ਮਿਲੀ। ਪ੍ਰਯੋਗ ਦੇ ਦਿਨੀਂ ਬੀਬੀਆਂ ਦੀਵਾਨ ਵਿੱਚ ਦਰਸ਼ਨ ਕਰ ਸਕਦੀਆਂ ਹਨ ਪਰ ਕੋਠੀ ਆਉਣ ਦੀ ਕਿਸੇ ਨੂੰ ਆਗਿਆ ਨਹੀਂ। ਗੁਰੂ ਪਰਵਾਰ ਨਵੀਂ ਕੋਠੀ ਵਿੱਚ ਰਹਿੰਦਾ ਹੈ, ਜਿਸਦੀ ਆਪਣੀ ਵਲਗਣ ਹੈ।

**ਔਰੰਗਾਬਾਦੀਏ ਵੀ –** ਏਥੇ ਮੈਨੂੰ ਸ. ਹਰਭਜਨ ਸਿੰਘ ਔਰੰਗਾਬਾਦ (ਮਹਾਰਾਸ਼ਟਰ) ਵਾਲੇ ਵੀ ਮਿਲੇ। ਇਹ ਆਪਣੇ ਦੋਹਾਂ ਚਾਚਿਆਂ, ਸੰਤ ਕਰਤਾਰ ਸਿੰਘ ਅਤੇ ਸੰਤ ਮੋਹਣ ਸਿੰਘ ਨਾਲ ਆਏ ਹੋਏ ਸਨ। ਸੰਤ ਬਲਵੰਤ ਸਿੰਘ ਬਾਲੀ ਨਗਰ, ਦਿੱਲੀ ਦਾ ਵੱਡਾ ਸਪੁੱਤਰ ਸ. ਚਰਨਜੀਤ ਸਿੰਘ ਇਹਨਾਂ ਨੂੰ ਮੇਲੇ ਦੇ ਆਰੰਭਕ ਦਿਨ ਆਪਣੀ ਮਾਰੂਤੀ ਵੈਨ ਤੇ ਲੈ ਕੇ ਆਇਆ ਸੀ।

ਇਸ ਮੇਲੇ ਦੇ ਭੈਣੀ ਸਾਹਿਬ ਵਿੱਚ ਮੁੱਖ ਪ੍ਰਬੰਧਕ ਸਤਿਗੁਰੂ ਜੀ ਦਾ ਨਿਜੀ ਸਕੱਤਰ ਤਰਸੇਮ ਸਿੰਘ ਅਤੇ ਇਸਦਾ ਮੁੱਖ ਸਹਾਇਕ ਸੰਤ ਦਿਆਲ ਸਿੰਘ ਫਗਵਾੜਾ ਹਨ। ਸ. ਸੇਵਾ ਸਿੰਘ ਨਾਮਧਾਰੀ ਏਜੈਂਸੀ, ਦਿੱਲੀ ਤੰਬੂ, ਤੰਬੋਲੀਆਂ, ਸ਼ਮਿਆਨੇ ਆਦਿ ਦੀ ਵਿਉਂਤਕਾਰੀ ਸਮਝਣ ਲਈ ਤੇ ਉਸਦੇ ਪ੍ਰਬੰਧ ਲਈ ਆਏ ਹੋਏ ਹਨ। ਮਾਸਟਰ ਨਿਹਾਲ ਸਿੰਘ ਜੀ ਪੰਥ ਰਤਨ, ਸ. ਜਸਵਿੰਦਰ ਸਿੰਘ ਸ਼ਕੂਰ ਬਸਤੀ ਦਿੱਲੀ ਪੁਸਤਕ ਸੰਸ਼ੋਧਨ ਲਈ ਪਹੁੰਚੇ ਹੋਏ ਹਨ। ਦਿੱਲੀ ਤੋਂ ਹੀ ਬੀਬੀ ਸ਼ਕੁੰਤਲਾ ਭੂਟਾਨੀ ਇਸਤਰੀ ਕਾਰਕੁੰਨਾਂ ਨਾਲ ਪ੍ਰਯੋਗ ਵਿੱਚ ਇਸਤਰੀਆਂ ਦੇ ਭਾਗ ਲਈ ਦੋ ਦਿਨ ਤੋਂ ਏਥੇ ਹਨ। ਬੀਬੀ ਕਰਤਾਰ ਕੌਰ ਸ਼ਿੰਗਾਰ ਪਤਨੀ ਤੇ ਉਸਤਾਨੀ ਕਰਤਾਰ ਕੌਰ ਵੀ ਨਾਲ ਹਨ।

**ਪ੍ਰਸ਼ਾਦੇ ਲੰਗਰ ਦੇ –** ਮਾਤਾ ਚੰਦ ਕੌਰ ਜੀ ਦੇ ਹੁਕਮ ਨਾਲ ਪਿਛਲੇ 15 ਦਿਨ ਹਰ ਕਿਸੇ ਨੂੰ ਵੱਡੇ ਲੰਗਰ ਵਿੱਚ ਜਾ ਕੇ ਪ੍ਰਸ਼ਾਦਾ ਛਕਣ ਦੀ ਮਜ਼ਬੂਰੀ ਸੀ। ਮਾਤਾ ਜੀ ਇਸ ਤਰ੍ਹਾਂ ਅੰਨ ਦੇ ਜ਼ਾਇਆ ਹੋਣ ਨੂੰ ਬਚਾਉਣਾ ਚਾਹੁੰਦੇ ਸਨ। ਆਓ ਭਗਤ ਵਿੱਚ ਪਹਿਲਾਂ ਵਾਂਗ ਲੰਗਰ ਛਕਾਣਾ ਬੰਦ ਕਰ ਦਿੱਤਾ ਗਿਆ ਸੀ। ਅੱਜ ਬੀਬੀ ਪਵਨਜੀਤ ਕੌਰ ਸੁਪਤਨੀ ਸ. ਸੇਵਾ ਸਿੰਘ ਦਿੱਲੀ ਨੇ ਮਾਤਾ ਜੀ ਨੂੰ ਮਨਾ ਕੇ, ਅਰਜ਼ਾਂ ਕਰਕੇ ਫੇਰ ਤੋਂ ਆਓ ਭਗਤ ਵਿੱਚ ਲੰਗਰ ਛਕਾਣਾ ਸ਼ੁਰੂ ਕਰਵਾਇਆ ਹੈ। ਪ੍ਰਸ਼ਾਦਾ ਦਾਲਾਂ ਤਾਂ ਪਹਿਲਾਂ ਵੀ ਵੱਡੇ ਲੰਗਰ ਵਿੱਚ ਹੀ ਤਿਆਰ ਹੁੰਦਾ ਹੈ। ਆਓ ਭਗਤ ਵਿੱਚ ਲਿਆ ਕੇ ਨਵੇਂ ਬਾਹਰੋਂ ਆਇਆਂ, ਬੁੱਢੇ ਠੇਰਿਆਂ ਅਤੇ ਹੋਰ ਕੁਆਰਟਰ ਵਿੱਚ ਸੇਵਾ ਕਰਨ ਵਾਲੀਆਂ ਮਾਈਆਂ ਨੂੰ ਸਹੂਲਤ ਹੋ ਜਾਂਦੀ ਹੈ। ਆਓ ਭਗਤ ਸੇਵਕ ਬੀਬੀ ਸਵਰਨ ਕੌਰ ਨੇ ਮੈਨੂੰ ਦੱਸਿਆ : ਪਿਛਲੇ 15 ਦਿਨ ਮੇਰਾ ਜੀ ਨਹੀਂ ਲੱਗਿਆ, ਮੈਂ ਤਾਂ ਸੇਵਾ ਕਰਦਿਆਂ ਥੱਕਦੀ ਨਹੀਂ ਸਾਂ, ਹੁਣ ਇਨਕਾਰ ਕਰਦਿਆਂ ਥੱਕ ਜਾਂਦੀ ਸਾਂ।

**ਚਿੱਤਰ ਨੁਮਾਇਸ਼ ਬਾਰੇ –** ਠਾਕੁਰ ਦਲੀਪ ਸਿੰਘ ਜੀ ਨੇ ਮੈਨੂੰ ਵਿਸ਼ੇਸ਼ ਬੁਲਾ ਕੇ ਦੱਸਿਆ ਹੈ ਕਿ ਉਹ ਆਪਣੇ ਛਾਇਆ ਚਿੱਤਰਾਂ ਅਰਥਾਤ ਫੋਟੋ ਚਿੱਤਰਾਂ ਇੱਕ ਪ੍ਰਦਰਸ਼ਨੀ 8-10-1986 ਨੂੰ ਚੰਡੀਗੜ੍ਹ ਵਿਖੇ ਲਗਾ ਰਹੇ ਹਨ। ਮੈਂ ਉਸ ਦਿਨ ਜ਼ਰੂਰ ਚੰਡੀਗੜ੍ਹ ਪੁੱਜਾਂ। ਇਹ ਜਾਣਕਾਰੀ ਦੇਂਦਾ ਇਕ ਕਾਰਡ ਮੈਨੂੰ ਦਿੱਲੀ, ਮੇਰੇ ਘਰ ਨੂੰ ਭੇਜਿਆ ਗਿਆ ਹੈ।

**ਕਿਹੜਾ ਅੱਤਵਾਦੀ –** ਭੈਣੀ ਸਾਹਿਬ ਦੇ ਸੁਰੱਖਿਆ ਮੁਖੀ ਗੁਰਦੇਵ ਸਿੰਘ ਮਦਾਰ ਨੇ ਮੇਰੀ ਪੁੱਛਗਿੱਛ ਦੇ ਉਤਰਾਂ ਵਿੱਚ ਦੱਸਿਆ ਕਿ ਭੈਣੀ ਸਾਹਿਬ ਵਿੱਚੋਂ ਫੜਿਆ ਗਿਆ ਅੱਤਵਾਦੀ ਉਸ ਗਰੁੱਪ ਦਾ ਲੀਡਰ ਸੀ ਜਿਸਨੇ ਮੁਕਤਸਰ ਕਾਂਡ

ਸਮੇਂ 14 ਹਿੰਦੂਆਂ ਦਾ ਕਤਲ ਕੀਤਾ ਸੀ। ਏਥੇ ਉਹ ਮਾਡਲ ਸਕੂਲ ਬਣਾਣ ਦੇ ਬਹਾਨੇ ਡੇਰੇ ਡਾਲੀ ਬੈਠਾ ਸੀ। ਉਸਦੇ ਨਾਲ ਦਾ ਬੰਦਾ ਫੜਿਆ ਜਾਣ ਤੋਂ ਪੁਲਿਸ ਨੂੰ ਸੁਰਾਗ ਮਿਲਿਆ।

**ਹਰੀ ਮੰਦਰ ਵਿੱਚ –** ਇਕ ਵਜੇ ਦੁਪਹਿਰ ਤੋਂ ਹਰੀ ਮੰਦਰ ਵਿੱਚ ਕਥਾ ਜਾਰੀ ਹੋਈ ਹੈ। ਸ੍ਰੀ ਸਤਿਗੁਰੂ ਜੀ ਜਿਹੜੇ ਅੱਜ ਗੰਭੀਰ ਮੁਦ੍ਰਾ ਵਿੱਚ ਹਨ, ਨੇ ਪਹਿਲਾਂ ਖ਼ੁਦ ਗੁਰੂ ਰਾਮ ਸਿੰਘ ਜੀ ਦੇ ਇੱਕ ਹੁਕਮਨਾਮੇ ਦਾ ਪਾਠ ਕੀਤਾ ਹੈ। ਫਿਰ ਪੰਡਿਤ ਗੋਪਾਲ ਸਿੰਘ ਨੇ ਸੰਤ ਸੰਤੋਖ ਸਿੰਘ ਹੁਰਾਂ ਵਾਲੀ ਪੁਸਤਕ, ਸਤਿਗੁਰੂ ਬਿਲਾਸ. ਦੀ ਕਥਾ ਕੀਤੀ ਹੈ। ਇਹ ਵਾਰਤਕ ਪੁਸਤਕ ਹੈ, ਇਸਦੇ ਪਾਠ ਨੂੰ ਹੀ ਕਥਾ ਕਰਨਾ ਕਿਹਾ ਜਾਂਦਾ ਹੈ। ਪਹਿਲਾਂ ਵਾਂਗ ਸ੍ਰੀ ਸਤਿਗੁਰੂ ਜੀ ਮੰਦਰ ਵਿੱਚ ਦੱਖਣ-ਉੱਤਰ ਵਿੱਚ ਨਹੀਂ ਸਗੋਂ ਦੱਖਣ-ਪੱਛਮ ਵਿੱਚ ਹਰੀ ਮੰਦਰ ਦੇ ਸਦੀਵੀ ਥੜੇ ਉੱਤੇ ਸਿੰਘਾਸਣ ਸੁਸ਼ੋਭਤ ਹਨ। ਸਾਹਮਣੇ ਨਾਮ ਸਿਮਰਨ ਸਮੇਂ ਛੋਟੇ ਬੱਚੇ, ਪਿੱਛੇ (ਬੱਚਿਆਂ) ਪ੍ਰਯੋਗ ਕਰਤਾ ਅਤੇ ਪੂਰਬੀ ਭਾਗ ਵਿੱਚ ਹੇਠਾਂ ਇਸਤਰੀ (ਦੱਖਣ) ਪੁਰਸ਼ (ਉੱਤਰ) ਬੈਠੇ ਹਨ। ਗਿਣਤੀ ਦੇ ਪੱਖੋਂ ਅਜੇ ਸੰਗਤ 150 ਤੋਂ ਵੱਧ ਨਹੀਂ। ਡਿਊਟੀਆਂ ਦੇਂਦੇ ਸਿੰਘ ਵੱਖਰੇ ਹਨ।

2 ਤੋਂ 3 ਤੱਕ ਨਾਮ ਸਿਮਰਨ ਉਪਰੰਤ ਕੀਰਤਨ ਹੋਇਆ। ਅੱਜ ਦੇ ਕੀਰਤਨਕਾਰ : ਸੰਤ ਹਰਬੰਸ ਸਿੰਘ ਘੁੱਲਾ, ਸੰਤ ਖਜ਼ਾਨ ਸਿੰਘ, ਸ੍ਰੀ ਸੁਖਵਿੰਦਰ ਸਿੰਘ ਪਿੰਕੀ, ਸ੍ਰੀ ਮਹਿਲ ਸਿੰਘ (ਤਾਰ ਸ਼ਹਿਨਾਈ)। ਸ੍ਰੀ ਸਤਿਗੁਰੂ ਜੀ ਨੇ ਰਾਗ ਵਡਹੰਸ ਵਿੱਚ ਮੰਗਲਾਚਰਣ ਕਰਕੇ ਸ਼ਬਦ ਲਿਆ–

1. ਦੇਹੁ ਸੰਦੇਸਰੋ ਪ੍ਰਿਯ ਕਹੀਅਉ (ਧਰੁਪਦ)
2. ਅਤਿ ਊਚਾ ਤਾਕਾ ਦਰਬਾਰਾ

ਸੰਤ ਖਜ਼ਾਨ ਸਿੰਘ ਰਾਗੀ, ਜਿਸਦੇ ਮੈਂ ਕੋਲ ਬੈਠਾ ਸਾਂ, 'ਦੇਹੁ ਸੰਦੇਸਰੋ' ਸ਼ਬਦ ਵਿੱਚ ਸਤਿਗੁਰੂ ਜੀ ਵਲੋਂ ਲਗਾਈਆਂ ਗਈਆਂ ਤਿਹਾਈਆਂ ਦੀ ਪ੍ਰਸੰਸਾਂ ਇਹਨਾਂ ਸ਼ਬਦਾਂ ਨਾਲ ਕੀਤੀ : ਤਿਹਾਈਆਂ ਤਾਂ ਸੱਚੇ ਪਾਤਸ਼ਾਹ ਜੀ ਲਈ ਇੰਜ ਹਨ ਜਿਵੇਂ ਕਿਸੇ ਨੂੰ ਕੋਈ ਚੀਜ਼ ਬੁੱਕਲ ਚੋਂ ਕੱਢ ਕੇ ਫੜਾ ਦੇਣੀ ਹੋਵੇ।

ਸ੍ਰੀ ਸਤਿਗੁਰੂ ਜੀ ਦੇ ਆਸਣ ਦੇ ਪਿੱਛੇ ਕੁਛ ਪ੍ਰਸਿੱਧ ਸੰਤ ਬੈਠੇ ਹਨ, ਜੋ ਪ੍ਰਯੋਗ ਵਿੱਚ ਭਾਗ ਲੈ ਰਹੇ ਹਨ ਜਿਵੇਂ ਫਰੀਦ ਡੇਰੇ ਦੇ ਮੁਖੀ ਸੰਤ ਹਰਬੰਸ ਸਿੰਘ ਜੀ, ਅਮ੍ਰਿਤਸਰ ਕਲਾਂ ਦੇ ਚੁੱਪ ਸੰਤ ਚਤਰ ਸਿੰਘ ਜੀ, ਪੰਡਿਤ ਹਰਭਜਨ ਸਿੰਘ, ਸ. ਸੁਖਚੈਨ ਸਿੰਘ ਯੂ. ਪੀ., ਸੰਤ ਇਕਬਾਲ ਸਿੰਘ ਸੰਤ ਨਗਰ (ਇਹ ਸੱਜਣ ਪ੍ਰਯੋਗ ਪ੍ਰਬੰਧਕ ਹੈ)।

ਕੁਛ ਵਿਅਕਤੀ ਹੋਰ ਗਿਣਨਯੋਗ ਹਨ : ਬੀਬੀ ਮਹਿੰਦਰ ਕੌਰ ਸੁਪਤਨੀ ਸੁਰਗਵਾਸੀ ਸੰਤ ਵਜਿੰਦਰ ਸਿੰਘ ਸੇਠੀ ਥਾਈਲੈਂਡ ਤੋਂ ਪ੍ਰਯੋਗ ਸਮੇਂ ਗੁਰੂ ਕੇ ਦਰਸ਼ਨਾਂ ਤੇ ਸੇਵਾ ਲਈ ਆਈ ਹੈ। ਸੰਤ ਰਜਿੰਦਰ ਸਿੰਘ ਨਿਰਾਲਾ (ਵਿਦਵਾਨ) ਵੀ ਮੇਲੇ ਦਾ ਸਮਾਂ ਏਥੇ ਹੀ ਰਹੇ ਹਨ।

## 3 ਅਕਤੂਬਰ 1986, ਸ਼ੁੱਕਰਵਾਰ
## ਸ੍ਰੀ ਭੈਣੀ ਸਾਹਿਬ

ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਸੁਕੀਰਤਨ ਹਰੀ ਮੰਦਰ ਵਿੱਚ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਤੇ ਅਗਵਾਈ ਵਿੱਚ ਹੋਇਆ, ਜਿਸਦਾ ਭੋਗ 6 ਵਜੇ ਪਿਆ। ਇਹਨਾਂ ਨਿੱਤ ਦੇ ਕਾਰਜ ਕਰਮਾਂ ਬਾਰੇ ਮੈਂ ਤਦ ਹੀ ਲਿਖਾਂਗਾ, ਜੇ ਕੁਛ ਵਿਸ਼ੇਸ਼ ਹੋਵੇਗਾ ਤਾਂ।

**ਪ੍ਰਯੋਗ ਸਮੇਂ ਦੀ ਦਿਨਚਰਯਾ –** ਸੰਤ ਤਰਸੇਮ ਸਿੰਘ ਸਤਿਗੁਰੂ ਜੀ ਦੇ ਨਿੱਜੀ ਸਕੱਤਰ ਨੇ ਮੇਰੇ ਪੁੱਛਣ ਤੇ ਦੱਸਿਆ ਕਿ 30-9-86 ਦੇ ਅੰਮ੍ਰਿਤ ਵੇਲੇ 3 ਵਜੇ ਤੱਕ ਇਸ਼ਨਾਨ ਆਦਿ ਨਿਪਟਾਅ ਆਪਣੇ ਵਿਸ਼ੇਸ਼ ਜਪ-ਪ੍ਰਯੋਗ ਨੂੰ ਜਾਰੀ ਕੀਤਾ। ਸ੍ਰੀ ਸਤਿਗੁਰੂ ਜੀ ਨੇ ਆਪਣਾ ਨਿਵਾਸ ਪੁਰਾਣੀ ਕੋਠੀ ਵਿੱਚ ਭੁੰਜੇ ਬਿਰਾਜਣ ਦਾ ਰੱਖਿਆ ਹੈ ਅਤੇ ਨਾਲ ਹੀ ਇੱਕ ਵੱਖ ਕੀਤੇ ਸਥਾਨ ਤੇ ਧੂਪ, ਦੀਪ, ਕੁੰਭ ਤੇ ਹਵਨ ਵਿੱਚ ਆਹੂਤੀ ਪਾਉਂਦਿਆਂ ਨਾਮ ਸਿਮਰਨ ਕਰਦੇ ਹਨ, ਜੋ 5 ਵਜੇ ਤੱਕ ਜਾਰੀ ਰਹਿੰਦਾ ਹੈ। ਫਿਰ ਆਸਾ ਦੀ ਵਾਰ ਦੇ ਦੀਵਾਨ ਵਿੱਚ ਦਰਸ਼ਨਾਂ ਉਪਰੰਤ ਆਪਣੇ ਕੁਛ ਸੇਵਕਾਂ ਤੇ ਸਿੱਖਾਂ ਨਾਲ ਪੰ. ਗੋਪਾਲ ਸਿੰਘ ਜੀ ਦੇ ਡੇਰੇ 6.30 ਤੋਂ 7.30 ਤੱਕ ਆਦਿ ਗ੍ਰੰਥ ਜੀ ਦਾ ਪਾਠ, ਸਮੇਤ ਵਿਚਾਰਾਂ। 8.30 ਤੋਂ ਸਮਾਚਾਰ ਪੱਤਰ ਅਵਿਲੋਕਨ 9.30 ਜਾਂ 10 ਵਜੇ ਤੱਕ ਕੁਛ ਆਰਾਮ ਕਰਕੇ, ਇਸ਼ਨਾਨ ਕਰਕੇ ਪ੍ਰਸ਼ਾਦ ਛਕਣਾ ਫੇਰ 12 ਵਜੇ ਤੱਕ ਬਿਰਾਜਣਾ। ਇਸ਼ਨਾਨ ਆਦਿ ਤੋਂ ਵਿਹਲਿਆਂ ਹੋ 1 ਤੋਂ 2 ਤੱਕ ਕਥਾ, 2 ਤੋਂ 3 ਤੱਕ ਨਾਮ ਸਿਮਰਨ, 3 ਤੋਂ 4 ਤੱਕ ਕੀਰਤਨ। ਦੀਵਾਨ ਦੇ ਸਾਰੇ ਪ੍ਰੋਗ੍ਰਾਮ ਹਰੀ ਮੰਦਰ। 4 ਤੋਂ 5 ਤੱਕ ਸੰਗੀਤਕਾਰਾਂ ਤੇ ਪ੍ਰਬੰਧਕਾਂ ਨਾਲ ਬੈਠਕ ਉਪਰੰਤ 5 ਤੋਂ 6 ਵਾਲੀਬਾਲ 9 ਵਜੇ ਤੱਕ ਬਿਰਾਜ ਜਾਣਾ।

**ਬੁੜ੍ਹਿਆਂ ਦੀ ਗੱਲ –** ਅੱਜ ਮੈਂ ਤੇ ਜਸਵਿੰਦਰ ਸਿੰਘ ਕਥਾ ਬਾਅਦ ਉੱਠੇ ਤਾਂ ਸੰਤ ਤਰਸੇਮ ਸਿੰਘ ਨੇ ਦੋ ਬਜ਼ੁਰਗਾਂ ਨੂੰ ਹਰੀ ਮੰਦਰ ਦੇ ਪੂਰਬ-ਉੱਤਰੀ ਨੁੱਕਰੇ ਖਲਿਆਰ ਕੇ ਖਲੋਤਾ ਮਿਲਿਆ। 80-80 ਸਾਲ ਦੀ ਉਮਰ ਦੇ ਹੋਣਗੇ। ਤਰਸੇਮ ਸਿੰਘ ਨੂੰ ਸਤਿਗੁਰੂ ਜੀ ਨੇ ਉਨ੍ਹਾਂ ਬਾਰੇ ਜਾਣਨ ਲਈ ਘੱਲਿਆ ਸੀ। ਦੋਹਾਂ ਤੋਂ ਇੱਕ ਸੀ ਸ. ਹੁਕਮ ਸਿੰਘ ਲਾਟੋਂ (ਪਿੰਡ ਦਾ ਨਾਂ), ਦੂਜਾ ਸੀ ਸੰਤ ਹਰਭਜਨ ਸਿੰਘ ਦੋਰਾਹੇ ਤੋਂ।

**ਚਲਦਾ........**

# A Saga Of
# Sri Satguru Jagjit Singh Ji



**Dr. Sharada Jayagovind**

Patsha ji had deep knowledge of agriculture and horticulture. He was a very progressive thinker who wanted the farmers to benefit from technological advancements. He was the first to introduce the combine harvester in the farms of Sri Jiwan Nagar, Haryana and other places.

When the farmers resisted the use of combine harvesters because they feared it might affect the production of cattle feed, Patsha ji proved them wrong. He reassured them and illustrated by example that mechanization of farming would increase efficiency. He arranged for the harvesting of the crops of many farmers free of cost to show the advantage of using the machine. Today, almost all farmers in Punjab use combine harvesters.

Patsha ji was a leader in the field of organic farming too. He encouraged the farmers to rear breeds of native cattle and use the organic manure and organic pesticides.

Patsha ji advised the farmers to introduce new varieties of crops so that the risk of incurring huge losses due to the vagaries of the market would be reduced. Patsha ji challenged the scientists of the Horticulture Department who were of the view that grapes and citrus fruits could not be grown profitably in Hisar district of Haryana. At his farm in Sri Jiwan Nagar, Patsha ji successfully cultivated grapes, oranges, kinnows, mandarins and introduced these fruits to other farms of this area. Today, these are the important crops in the region.

**Namdhari Farms**

Namdhari Farms at Bidadi, near Bangalore, stands testimony to Patsha ji's vision of combining professionalism, technology and research in the fields of agriculture and horticulture. Satguru Jagjit Singh ji visited Bangalore for the first time in 1968 when there were just two Namdhari families residing there. Patsha ji liked the slow, sleepy city and intuitively knew that the place was ideally suited for agriculture. A couple of years later, he sent his younger brother, Maharaj Bir Singh ji, to Bangalore to buy some land for cultivation. Maharaj Bir Singh ji inspected a few sites and most of them measured twenty to thirty acres and among them was a site of two hundred acres in Uragahalli, near Bidadi, which is 35 kilometres from Bangalore. Patsha ji told Maharaj Bir Singh ji:

"Buy the biggest one."

Maharaj Bir Singh ji asked:

"Patsha ji, how do we arrange for the money?"

Patsha ji assured him:

"Don't worry. It will be done."

The two hundred-acre land was bought from one Mr. Iyengar for a sum of Rupees eight

lakhs in 1974.

The land was dry and parched and yielded very little. Year after year, Maharaj Bir Singh ji had to reap failures. Disappointed, he sought Patsha ji's permission to sell the land and an advance of Rupees one lakh was taken from a prospective buyer, a Parsi gentleman named Nazeer. But the transaction could not be completed as one of the preconditions for sale was conversion of the agricultural land for industrial use, which could not be done. The sale deal was cancelled and the land remained with the Namdharis, for it was destined to become a success story later.

In 1982, Patsha ji asked Thakur Uday Singh ji, the present Satguru, to relocate to Bidadi to take care of Namdhari Farms. Patsha ji knew that he was sending the right person to develop Namdhari Farms, Bangalore. Thakur Uday Singh ji was young, energetic and had also gained adequate experience of farming and agriculture at Gola Gokarnath, Uttar Pradesh.

Satguru Uday Singh ji recalls that the first five to six years at Namdhari Farms were fraught with difficulties. There was very little money and lack of rations added to the problems. Life was a challenge with no proper roads, irregular supply of electricity and poor telephone facilities.

They had to often wait for wheat from Punjab to run the common kitchen. They even had to borrow money from pawn brokers in Bidadi to run the farm. They went through the grind but the only consolation was that Patsha ji used to visit them at least twice a year to see if everything was fine. The financial situation was so bad that once the only vehicle that was with the farm was taken away by the tehsildar of Ramanagara as land tax had not been paid.

Yet, Satguru Uday Singh ji says:

"We enjoyed it all, as there was always the word of hope from Patsha ji who said, 'We will prosper one day.' Indeed, he could read the future. Further, we were young and could face the hardships of life with cheer."

During those days, Patsha ji persuaded Namdhari families from Punjab and Haryana to go to Namdhari Farms, Bidadi. People would be very reluctant to relocate as they called that farm kaala paani. Shifting there was considered a punishment transfer.

Then, with a smile, Patsha ji would tell them:

"A day will come in the future when you will want to go there and I won't send you."

This statement is a reality today.

Bibi Gursharan ji, wife of Satguru Uday Singh ji, recalls how in 1984, the place was just a stretch of dry land. Patsha ji would visit the newly wed Thakur Uday Singh ji. Satguru ji was affectionate towards Gursharan, the young bride, who was not only new to Uragahalli, (which means 'the village of snakes') but also to India as she was born and brought up in Nairobi, Kenya. During one of the visits, Patsha ji noticed that the roof of the old house in which they were residing was leaking. He told Bibi Gursharan ji gently:

"Bibi, you have to take responsibility for such things, get it repaired."

*To be continued......*

# ਕਾਵਿ-ਕਿਆਰੀ

## ਜਿਨ੍ਹੂੰ ਮੇਰੇ ਦੀਦਾਰ ਦੀ ਲੋੜ ਹੋਵੇ

**ਪ੍ਰਿ. ਅਜੀਤ ਸਿੰਘ ਚੀਮਾ**

ਦੀਨ ਦੁਖੀ ਗ੍ਰੀਬ ਨਿਥਾਵਿਆਂ ਤੇ,
ਗਲੇ ਆਜਿਜ਼ ਯਤੀਮਾਂ ਨੂੰ ਲਾਣ ਵਾਲੇ।
ਨਦਰੀ ਨਦਰ ਨਾਲ ਨਦਰ ਨਿਹਾਲ ਕਰਕੇ,
ਦੈਂਤੋਂ ਦੇਵਤੇ ਸਾਨੂੰ ਬਨਾਣ ਵਾਲੇ।
ਮਿੱਠੀ ਜਿਹੀ ਮੁਸਕਾਨ ਦੇ ਨਾਲ ਮਾਹੀਆ,
ਸਾਡੇ ਦਿਲਾਂ ਦੀ ਕਲੀ ਖਿੜਾਨ ਵਾਲੇ।
ਏਸ ਮਿੱਟੀ ਦੀ ਮੁੱਠ 'ਚ ਲੁਕ ਗਏ ਓ,
ਸਿਰ ਤੇ ਸਿੱਧੀ ਦਸਤਾਰ ਸਜਾਣ ਵਾਲੇ।
ਢੇਰੀ ਢਾਹ ਕੇ ਚਿਖਾ ਦੇ ਕੋਲ ਬੈਠਾ,
ਮੇਰੀਆਂ ਅੱਖੀਆਂ 'ਚੋਂ ਹੰਝੂ ਕਿਰਨ ਲੱਗੇ।
ਗੁਰੂ ਵੱਡੇ ਪ੍ਰਤਾਪ ਪ੍ਰਤਾਪ ਵਾਲੇ,
ਮੇਰੀਆਂ ਅੱਖੀਆਂ ਸਾਹਮਣੇ ਫਿਰਨ ਲੱਗੇ।
ਹੱਥ ਜੋੜ ਕੇ ਉਨ੍ਹਾਂ ਨੂੰ ਅਰਜ਼ ਕੀਤੀ,
ਸਾਨੂੰ ਪੰਧ ਵਿਛੋੜੇ ਦਾ ਪਾ ਗਏ ਓ।
ਪਿਛਲੇ ਫੱਟਾਂ ਤੇ ਨਹੀਂ ਅੰਗੂਰ ਆਇਆ,
ਹੋਰ ਚਿਣਗ ਚੁਆਤੀਆਂ ਲਾ ਗਏ ਓ।
ਚੌਦਾਂ ਵਰਸ਼ ਨਹੀਂ ਜਿਨ੍ਹਾਂ ਨੇ ਮੁੱਕ ਜਾਣਾ,
ਸੰਵੀ 'ਯੁੱਧਿਆ ਭੈਣੀ ਬਣਾ ਗਏ ਓ।
ਸਿਰ ਤੇ ਦਰਦ, ਫ਼ਿਰਾਕ ਤੇ ਹਿਜ਼ਰ ਵਾਲੀ,
ਰਾਤ ਕਹਿਰ ਵਿਛੋੜੇ ਦੀ ਪਾ ਗਏ ਓ।
ਸਾਡੇ ਹਾਲ ਤੇ ਜ਼ਰਾ ਕੁ ਤਰਸ ਕਰਦੋਂ,
ਏਸ ਮੇਲੇ ਨੂੰ ਹੱਥੀਂ ਭੁਗਤਾਂ ਜਾਂਦੋਂ।
ਢਾਈ ਲੱਖ ਜੋ ਪਾਠ ਕਰਾਏ ਹੈਸਨ,
ਹੱਥੀਂ ਉਨ੍ਹਾਂ ਦਾ ਭੋਗ ਤਾਂ ਪਾ ਜਾਂਦੋਂ।
ਤੁਸੀਂ ਕਹਿੰਦੇ ਸੁ ਬਾਰ੍ਹਵੇਂ ਗੁਰੂ ਔਣਾ,
ਸਾਨੂੰ ਉਹਦਾ ਦੀਦਾਰ ਕਰਾਇਆ ਹੀ ਨਹੀਂ।
ਉਹਨੂੰ ਢੂੰਢਦੇ ਆਪ ਹੀ ਤੁਰ ਗਏ ਹੋ,
ਅਜੇ ਤੀਕ ਬੇਦਰਦ ਉਹ ਆਇਆ ਹੀ ਨਹੀਂ।
ਸਦੀਆਂ ਬੀਤ ਗਈਆਂ ਉਹਦੇ ਹਿਜ਼ਰ ਅੰਦਰ,
ਉਹਨੇ ਆਣ ਕੇ ਦਰਦ ਵੰਡਾਇਆ ਹੀ ਨਹੀਂ।
ਤੁਸੀਂ ਆਪ ਵੀ ਉਨ੍ਹਾਂ ਦੇ ਕੋਲ ਤੁਰ ਗਏ,
ਕਿਸੇ ਠਾਕੁਰ ਦੇ ਪਿਆਰ ਭਰਮਾਇਆਂ ਹੀ ਨਹੀਂ।
ਅਜੇ ਤੀਕ ਮਾਹੀਆ ਲਾਟਾਂ ਨਿਕਲ ਰਹੀਆਂ,
ਤੇਰੇ ਪਿਤਾ ਪਿਆਰੇ ਦੀ ਮੜ੍ਹੀ ਵਿੱਚੋਂ।
ਅਜੇ ਨਹੀਂ ਸ਼ਹੀਦਾਂ ਦਾ ਖ਼ੂਨ ਸੁੱਕਾ,
ਭੈੜੀ ਕੋਟਲੇ ਦੀ ਖ਼ੂਨੀ ਗੜ੍ਹੀ ਵਿੱਚੋਂ।
ਕੀ ਤੂ ਸਮਝਿਆ ਅੱਜ ਦੇ ਸੇਵਕਾਂ 'ਚੋਂ,
ਤੈਨੂੰ ਲੱਭਣਾ ਯਾਰ ਪੁਰਾਣਾ ਹੀ ਨਹੀਂ।
ਕੀ ਤੂੰ ਸਮਝਿਆ ਸੰਤ ਗਿਆਨ ਸਿੰਘ ਤੋਂ,
ਬਿਨਾਂ ਕਿਸੇ ਨੇ ਵਾਰਾ ਸੁਣਾਨਾ ਹੀ ਨਹੀਂ।
ਕੀ ਤੂੰ ਸਮਝਿਆ ਆਲਿਮ ਤੇ ਅਤਰ ਸਿੰਘ ਤੋਂ,
ਬਿਨਾਂ ਕਿਸੇ ਨੇ ਨਾਚ ਵਿਖਾਣਾ ਹੀ ਨਹੀਂ।
ਭੂਰੀ ਵਾਲਿਆਂ ਤੇ ਆਲਾ ਸਿੰਘ ਬਾਝੋਂ,
ਤੈਨੂੰ ਕਿਸੇ ਨੇ ਚੌਰ ਝੁਲਾਣਾ ਹੀ ਨਹੀਂ।
ਤੂੰ ਤਾਂ ਲਾਂਗਰੀ ਰਤਨ ਦੀ ਦਸ਼ਾ ਉੱਤੇ,
ਜ਼ਰਾ ਜਿੰਨਾ ਨਾ ਕੀਤਾ ਧਿਆਨ ਸਤਿਗੁਰ।
ਪੱਥਰ ਵਾਂਗਰਾਂ ਹੋਇਆ ਵਜ਼ੀਰ ਤੇਰਾ,
ਤੈਨੂੰ ਸਮਝਿਆ ਉਸ ਈਮਾਨ ਸਤਿਗੁਰ।
ਕੇਸਰ ਕਿੱਲੀ ਨੇ ਤੈਨੂੰ ਭਰਮਾ ਲਿਆ ਏ,
ਜਾਂ ਫਿਰ ਚੁੱਪ ਨੇ ਚੁੱਪ ਕਰਾ ਲਿਆ ਏ।
ਚੀਨੀ ਵਾਲੇ ਦੇ ਵਾਂਗਰਾਂ ਜਿਉਣ ਸਿੰਘ ਨੇ,
ਤੈਨੂੰ ਨੌਂਦੇ ਦੇ ਤਾਈਂ ਬੁਲਾ ਲਿਆ ਏ।
ਲਾਲ ਸਿੰਘ ਜਿਹੇ ਮਸਤ ਮਸਤਾਨਿਆਂ ਨੇ,
ਜਾਂ ਫਿਰ ਜਾਲ ਪ੍ਰੇਮ ਦਾ ਪਾ ਲਿਆ ਏ।
ਇਹ ਵੀ ਪਤਾ ਨਹੀਂ ਸਤਿਗੁਰੂ ਹਰੀ ਸਿੰਘ ਜੀ,
ਜਬਰਨ ਤੁਸਾਂ ਨੂੰ ਕੋਲ ਬੁਲਾ ਲਿਆ ਏ।
ਮੰਗਲ ਸਿੰਘ ਫ਼ਰੇਸ਼ਤਾ ਆਣ ਕੇ ਤੇ,
ਤੈਨੂੰ ਲੈ ਗਿਆ ਲੈਕਚਰ ਸੁਨਾਣ ਖਾਤਰ।
ਭਗਤ ਸਿੰਘ ਜਿਹੇ ਤਾਰਿਆਂ ਵਿੱਚ ਚੰਨਾ,
ਚਲਾ ਗਿਆ ਏਂ ਆਸਣ ਜਮਾਣ ਖ਼ਾਤਰ।
ਮੇਰੇ ਪਾਤਸ਼ਾਹ ਅੱਗੋਂ ਜਵਾਬ ਦਿੱਤਾ,
ਮੇਰੇ ਲਾਡਲੇ ਐਨਾ ਘਬਰਾਈਦਾ ਨਹੀਂ।

ਲੰਬੇ ਸਫ਼ਰ ਵਿੱਚ ਪਏ ਮੁਸਾਫ਼ਰਾਂ ਨੂੰ,
ਵਾਜਾਂ ਮਾਰ ਕੇ ਐਦਾਂ ਬੁਲਾਈ ਦਾ ਨਹੀਂ।
ਏਨ੍ਹਾਂ ਮਸਤ ਮਲੰਗਾਂ ਨੂੰ ਕਹਿ ਜਾ ਕੇ,
ਕੂਕਾਂ ਮਾਰ ਕੇ ਐਦਾਂ ਕੁਰਲਾਈਦਾ ਨਹੀਂ।
ਮੈਨੂੰ ਦੁਖ ਹੈ ਦੁਖੀ ਦੁਖਿਆਰਿਆਂ ਦਾ,
ਦੁੱਖ ਦੇ ਕੇ ਦੁਖੀ ਦੁਖਾਈਦਾ ਨਹੀਂ।
ਮੇਰੀ ਖ਼ੁਸ਼ੀ ਨੂੰ ਖ਼ੁਸ਼ੀ ਜੇ ਸਮਝਦੇ ਹੋ,
ਪੂਰਾ ਦਿਲੀ ਅਰਮਾਨ ਕਰਵਾ ਦੇਣਾ।
ਸਵਾ ਲੱਖ ਜੋ ਪਾਠ ਮੈਂ ਤੋਰਿਆਂ ਏ,
ਭੋਗ ਐਤਕੀਂ ਹੋਲੇ ਤੇ ਪਾ ਦੇਣਾ।
ਸਬਰ, ਸਿਦਕ, ਸੰਤੋਖ ਨੂੰ ਬੰਨ੍ਹ ਪੱਲੇ,
ਪਿਛਲੇ ਵੈਰ ਵਿਰੋਧ ਮਿਟਾ ਦੇਣਾ।
ਸੁਲਹ ਕੁਲ ਇਸ ਝੰਡੇ ਸਫ਼ੈਦ ਤਾਈਂ,
ਸਾਰੇ ਜੱਗ ਵਿੱਚ ਤੁਸੀਂ ਝੁਲਾ ਦੇਣਾ।
ਚੀਨੀ ਵਾਲੇ ਨੂੰ ਰੱਖਣਾ ਯਾਦ ਹਰਦਮ,
ਉਸਦੀ ਯਾਦ ਨਾ ਦਿਲੋਂ ਭੁਲਾ ਦੇਣਾ।
ਲੋੜ ਦੇਸ਼ ਨੂੰ ਪਵੇ ਮਸਤਾਨਿਓ ਜੇ,
ਸੀਸ ਕੌਮ ਦੀ ਭੇਟ ਚੜ੍ਹਾ ਦੇਣਾ।
ਏਸ ਦੇਹ ਨੇ ਤੁਸਾਂ ਨੂੰ ਲੱਭਣਾ ਨਹੀਂ,
ਤੜਪ-ਤੜਪ ਨਾ ਜਾਨ ਗੁਆ ਲੈਣਾ।
ਜਿਨ੍ਹੂੰ ਮੇਰੇ ਦੀਦਾਰ ਦੀ ਲੋੜ ਹੋਵੇ,
ਉਹਨੇ ਦਰਸ ਜਗਜੀਤ ਦਾ ਪਾ ਲੈਣਾ।

---

## ਤੁਰਦੇ ਰਹੀਏ

**ਨਵਤੇਜ ਭਾਰਤੀ**

ਮੰਗਣ ਮੰਗੀਏ
ਏਹੋ ਮੰਗੀਏ
ਤੁਰਦੇ ਰਹੀਏ
ਪਿੱਛੋਂ ਹਾਕ ਪਏ ਜੇ ਕੋਈ
ਕੰਨਾਂ 'ਚੋਂ ਧੂਹ ਦੇਈਏ
ਪਿੱਛੇ ਝਾਕੇ ਸ਼ਾਮਤ ਆਏ
ਪਿੱਛੇ ਮੂੰਹ ਨਾ ਕਰੀਏ
ਤੁਰਦੇ ਰਹੀਏ
ਕੱਲੇ ਪੈਰਾਂ ਨਾਲ ਨਾ ਤੁਰੀਏ
ਸਭ ਅੰਗਾਂ ਨਾਲ ਤੁਰੀਏ
ਸਿਰ ਤੁਰਨੋਂ ਜੇ ਨਾਬਰ ਹੋਵੇ
ਗੁਰ ਚਰਨਾਂ ਤੇ ਧਰੀਏ
ਚਰਨ ਗੁਰੂ ਦੇ ਲਈਏ
ਤੁਰਦੇ ਰਹੀਏ
ਧਰਤੀ ਪਿਆਰ ਦੀ ਚਿੱਠੀ
ਕਿੱਥੋਂ ਆਈ ਕੀਹਨੇ ਪਾਈ
ਜੋ ਤੁਰਦਾ ਸੋ ਪੜ੍ਹਦਾ
ਇਕ ਕਦਮ ਨਾਲ ਅੱਖਰ ਪਾਈਏ
ਦੂਜੇ ਨਾਲ ਉਠਾਈਏ
ਅੱਖਰ ਅੱਖਰ ਤੁਰੀਏ
ਜਿਵ ਜਿਵ ਲਿਖੀਏ ਤਿਵ ਤਿਵ ਪੜ੍ਹੀਏ
ਤੁਰਦੇ ਰਹੀਏ
ਤੁਰਦੇ ਤੁਰਦੇ ਰਾਹ ਭੁੱਲੀਏ
ਜਿੱਥੇ ਨਹੀਂ ਜਾਣਾ ਸੀ, ਜਾਈਏ
ਸੱਭੋ ਥਾਨ ਸੁਹਾਵੇ
ਹਰ ਥਾਂ ਹੋਂਣ ਦਾ ਕੀਰਤਨ ਹੁੰਦਾ
ਹਰ ਗਲੀ 'ਚੋਂ ਪਿਆਰਾ ਲੰਘੇ
ਲੰਮੀ ਸੀਟੀ ਮਾਰ ਬੁਲਾਵੇ
ਸੀਟੀ ਅੰਦਰ ਲੁਕਿਆ
ਸੀਟੀ ਮਾਰਨ ਵਾਲਾ
ਲੰਮੀ ਸੀਟੀ ਬਹੁਤੀ ਲੰਮੀ
ਇਹਦਾ ਅੰਤ ਨਾ ਲਈਏ
ਤੁਰਦੇ ਰਹੀਏ
ਰਾਹ ਵਗਦੇ ਤੇ ਵਗਦੇ ਦਰਿਆ
ਧਰਤੀ ਨੂੰ ਨਹੀਂ ਓਦਰਨ ਦਿੰਦੇ
ਕਿਸੇ ਫੁਹਾਰੇ ਹੇਠ ਨਾ ਬਹੀਏ
ਠੰਢੀ ਖੂਹੀ ਕੋਲ ਨਾ ਖੜ੍ਹੀਏ
ਤੁਰਦੇ ਰਹੀਏ
ਜੋ ਮਿਲਦਾ ਸੰਜੋਗੀਂ ਮਿਲਦਾ
ਮਿਲਣ ਲਈ ਹੀ ਆਉਂਦਾ
ਸੰਗ ਸੰਗ ਵਿਚ ਚੁੱਪ ਨਾ ਰਹੀਏ
ਦੁੱਖ ਸੁੱਖ ਪੁੱਛੀਏ
ਜੀਅ ਆਏ ਨੂੰ ਕਹੀਏ
ਤਨ ਦੀ ਮੰਜੀ ਡਾਹ ਕੇ
ਕੋਸੇ ਪਾਣੀ ਪੈਰ ਧੁਆਈਏ
ਉਹ ਤੋਂ ਸੁਣਦੇ ਸੁਣਦੇ ਰਹੀਏ
ਆਪੂੰ ਕੁਛ ਨਾ ਕਹੀਏ
ਤੁਰਦੇ ਰਹੀਏ।

# ਸੁੱਚੇ ਮੋਤੀ

### ਇਹ ਚੌਂਤੀ ਕੀ ?

10 ਫਰਵਰੀ 1978 ਨੂੰ ਦਿੱਲੀ ਵਿਖੇ ਸ. ਸੁਰਜੀਤ ਸਿੰਘ ਦੇ ਸਪੁੱਤਰ ਧਰਮਵੀਰ ਸਿੰਘ ਨੂੰ ਸਤਿਗੁਰੂ ਜੀ ਨੇ ਫ਼ਰਮਾਇਆ ਤੂੰ ਤੇ ਸ਼ੇਰ ਸਿੰਘ ਚੌਂਤੀ ਸੁਰ ਕਰਕੇ ਲਿਆਓ। ਸਵੇਰੇ ਇੱਥੇ ਹੀ ਆਸਾ ਦੀ ਵਾਰ ਲੱਗਣੀ ਹੈ, ਵਾਹਵਾ ਰੌਣਕ ਵਧੇਗੀ। ਇਹ ਚੌਂਤੀ ਬਾਰੇ ਕਿਸੇ ਨੂੰ ਪਤਾ ਨਾ ਲੱਗੇ ਕਿ ਇਹ ਕੀ ਸ਼ੈਅ ਹੈ, ਜੋ ਸੁਰ ਕਰਕੇ ਲਿਆਉਣੀ ਹੈ। ਸਾਰੇ ਇੱਕ ਦੂਜੇ ਦਾ ਮੂੰਹ ਵੇਖਣ ਲੱਗੇ। ਸਤਿਗੁਰੂ ਜੀ ਨੇ ਵਿਨੋਦ ਪੂਰਨ ਆਖਿਆ- 'ਸਮਝ ਨਹੀਂ ਆਈ ?' ਦੋਵੇਂ ਸ਼ੇਰ ਸਿੰਘ ਅਤੇ ਧਰਮਵੀਰ ਸਿੰਘ ਸਿਤਾਰਾਂ ਵਾਲੇ ਹੋ ਤੇ ਸਤਾਰਾਂ ਦੂਣਾ ਚੌਂਤੀ। ਸੋ ਦੋ ਸਿਤਾਰਾਂ ਵੱਜਣਗੀਆਂ ਤਾਂ ਚੌਂਤੀ ਆਪਣੇ ਆਪ ਹੋ ਜਾਣਗੇ।

### ਜਦੋਂ ਮਨ ਠੀਕ ਹੋ ਜਾਵੇ

20 ਫਰਵਰੀ 1978 ਨੂੰ ਨਵੀਂ ਦਿੱਲੀ ਵਿਖੇ ਸ੍ਰੀ ਸੁਰਿੰਦਰ ਸਿੰਘ 'ਸੁਮਨ' ਨੇ ਆ ਕੇ ਮੱਥਾ ਟੇਕਿਆ ਤਾਂ ਸਤਿਗੁਰੂ ਜੀ ਬਚਨ ਕੀਤਾ- ਸਵੇਰੇ ਆਸਾ ਦੀ ਵਾਰ ਦਾ ਕੀਰਤਨ ਸੁਰਿੰਦਰ, ਹਰਭਜਨ ਸਿੰਘ ਤੇ ਨਾਲ ਦੇ ਸਾਥੀ ਕਰਨਗੇ। ਹੱਥ ਜੋੜ ਕੇ ਸੁਰਿੰਦਰ ਸਿੰਘ ਨੇ ਪਰਵਾਨ ਕੀਤਾ। ਸ੍ਰੀ ਗੁਰਦੇਵ ਸਿੰਘ ਨੇ ਸੁਰਿੰਦਰ ਸਿੰਘ ਦੇ ਗ਼ੈਰ ਨਾਮਧਾਰੀ ਬਸਤਰਾਂ ਵੱਲ ਇਸ਼ਾਰਾ ਕੀਤਾ ਕਿ ਇਸ ਕੋਲ ਸਾਡੇ ਵਾਲੇ ਕੱਪੜੇ ਨਹੀਂ। ਸਤਿਗੁਰਾਂ ਬਚਨ ਕੀਤਾ- ਜਿਵੇਂ ਆਵੇ ਠੀਕ ਹੈ। ਜਦੋਂ ਮਨ ਠੀਕ ਹੋ ਜਾਵੇ, ਉਦੋਂ ਕੱਪੜੇ ਪਾਉਣੇ ਔਖੇ ਨਹੀਂ ਹੁੰਦੇ।

### ਕੁਦਰਤ ਤੇ ਅਸੀਂ

15 ਮਈ 1978 ਨੂੰ ਮਨਾਲੀਓਂ ਅੱਗੇ ਰੁਹਤਾਂਗ ਪਾਸ ਵੱਲ ਜਾਂਦਿਆਂ ਸਤਿਗੁਰੂ ਜਗਜੀਤ ਸਿੰਘ ਜੀ ਨੇ ਇਸ ਸੁਹਾਵਣੇ ਸਫ਼ਰ ਨੂੰ ਜੀਵਨ ਯਾਤਰਾ ਮੁੜ ਚਿਤਾਰਨ ਦਾ ਨਾਮ ਦਿੱਤਾ। ਬੀਤੀਆਂ ਘਟਨਾਵਾਂ ਦੀ ਤੁਲਨਾ ਪਿੱਛੇ ਰਹਿ ਗਈਆਂ ਸੜਕਾਂ, ਮਕਾਨਾਂ, ਪਿੰਡਾਂ ਨਾਲ ਦਿੱਤੀ ਤੇ ਆਖਿਆ- ਮੋਹ ਨਹੀਂ ਪਾਉਣਾ ਚਾਹੀਦਾ, ਚਲਦੇ ਰਹਿਣਾ ਚਾਹੀਦਾ ਹੈ। ਅਸਾਂ ਹੀ ਅੱਗੇ ਜਾਣਾ ਹੈ, ਵਸਤਾਂ ਨੇ ਏਥੇ ਹੀ ਰਹਿਣਾ ਹੈ ਅਤੇ ਫੇਰ ਵਿਆਖਿਆ ਸਹਿਤ ਬਚਨ ਕੀਤਾ- ਕੁਦਰਤ ਨੇ ਸਾਡੇ ਲਈ ਕਿਵੇਂ ਜੰਗਲ ਪਹਾੜ, ਝਰਨੇ, ਦਰਿਆਵਾਂ ਆਦਿ ਦਾ ਤਾਣਾ-ਬਾਣਾ ਤਣ ਰੱਖਿਆ ਹੈ ਤਾਂ ਕਿ ਦੁਨੀਆਂ ਵਿੱਚ ਸਾਡਾ ਦਿਲ ਵੀ ਲੱਗਾ ਰਹੇ ਅਤੇ ਇਹਨਾਂ ਦੁਆਰਾ ਕੰਮ ਕਾਰ ਵੀ ਮਿਲਦਾ ਰਹੇ।

### ਮਹਾਨ ਸੰਗੀਤ ਆਚਾਰੀਆ

ਉਸਤਾਦ ਅਮਜਦ ਅਲੀ ਜੀ ਨੇ ਸ੍ਰੋਤਿਆਂ ਨੂੰ ਦੱਸਿਆ- ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਪਰਸਨੈਲਿਟੀ ਨੂੰ ਤੁਸੀਂ ਆਪ ਦੇਖ ਹੀ ਲਿਆ ਹੈ, ਇਹ ਬਹੁਤ ਉੱਚੇ ਤੇ ਗੁਣੀ ਹਨ। ਖ਼ਾਸ ਕਰ ਸੰਗੀਤ ਦੇ ਮਸਲੇ ਵਿੱਚ ਸਤਿਗੁਰੂ ਜੀ ਲਾਸਾਨੀ ਹਨ। ਪੌਣੇ ਚੌਦਾਂ, ਪੌਣੇ ਪੰਦਰਾਂ ਮਾਤਰਾ ਭਾਰਤੀ ਸੰਗੀਤ ਪਰੰਪਰਾ ਨੂੰ ਇਹਨਾਂ ਦੀ ਹੀ ਦੇਣ ਹੈ। ਮੈਂ ਵੀ ਇਹਨਾਂ ਤੋਂ ਹੀ ਸਿੱਖ ਕੇ ਪੌਣੇ ਪੰਦਰਾਂ ਮਾਤਰਾ ਵਜਾਉਣ ਦਾ ਕੁਝ ਯਤਨ ਕਰਨ ਲੱਗਾ ਹਾਂ, ਆਸ ਹੈ ਆਪ ਪਸੰਦ ਕਰੋਗੇ।


### ਇੰਜ ਸੋਹਣੇ ਨਹੀਂ ਲੱਗੀਦਾ

8 ਜਨਵਰੀ 1978 ਨੂੰ ਨਵੀਂ ਦਿੱਲੀ ਵਿਖੇ ਜਦੋਂ ਸਤਿਗੁਰੂ ਜੀ ਬਚਨ ਬਿਲਾਸਾਂ ਤੋਂ ਵਿਹਲੇ ਹੋ, ਬਾਹਰ ਆਏ ਤਾਂ ਭੇਟਾ ਧਰ ਮੱਥਾ ਟੇਕਣ ਵਾਲਿਆਂ ਨੂੰ ਫਿਰ ਮੌਕਾ ਮਿਲਿਆ, ਸੰਤ ਹਰਭਜਨ ਸਿੰਘ (ਸੇਵਕ ਸੰਤ ਮੋਹਨ ਸਿੰਘ) ਨੇ ਵੀ ਮੱਥਾ ਟੇਕਿਆ ਸਤਿਗੁਰਾਂ ਫ਼ਰਮਾਇਆ, "ਸੰਤ ਜੀ, ਨਾਮਧਾਰੀਆਂ ਵਾਂਗ ਦਸਤਾਰ ਸਜਾਇਆ ਕਰੋ, ਇਹ ਸਿਰ 'ਤੇ ਮੋਘੜਾ (ਮੰਡਾਸਾ) ਮਾਰ ਕੇ ਜੋ ਵਖਰੇਵਾਂ ਜਤਾਂਦੇ ਹੋ, ਇਹ ਠੀਕ ਨਹੀਂ। ਅੱਗੇ ਵੀ ਤੁਹਾਨੂੰ ਅਰਜ਼ ਕੀਤੀ ਸੀ। ਸਿੰਘ ਨੇ ਆਖਿਆ- "ਗਰੀਬ ਨਿਵਾਜ਼, ਜਿਵੇਂ ਆਪ ਜੀ ਹੁਕਮ ਕਰੋ। "

"ਹੁਕਮ ਕਰੋ ਆਖ ਕੇ ਪਰਨਾਲਾ ਓਥੇ ਦਾ ਓਥੇ ਨਾ ਰੱਖਿਆ ਕਰੋ। ਇੰਜ ਸੋਹਣੇ ਨਹੀਂ ਲੱਗੀਦਾ। " ਸਤਿਗੁਰੂ ਜੀ ਬਚਨ ਕੀਤਾ।

**'ਸੁਖਨ ਏ ਬੇਅੰਤ' ਵਿਚੋਂ**

# ਬੱਚਿਆਂ ਦਾ ਪੰਨਾ



## ਨਿਰ ਸੁਆਰਥ ਸੇਵਾ ਨਾਲ ਭਗਵਾਨ ਪਰਸੰਨ ਹੁੰਦੇ ਹਨ

**ਮਾ. ਅਮਰੀਕ ਸਿੰਘ**

ਕਿਸੇ ਪਿੰਡ ਵਿੱਚ ਇੱਕ ਬਹੁਤ ਵਡੇਰੀ ਉਮਰ ਦੀ ਔਰਤ ਰਹਿੰਦੀ ਸੀ। ਉਹ ਬਹੁਤ ਗਰੀਬ ਸੀ ਕਿਉਂਕਿ ਉਹਦਾ ਪਤੀ ਬਹੁਤ ਪਹਿਲਾਂ ਗੁਜਰ ਚੁੱਕਾ ਸੀ ਤੇ ਔਲਾਦ ਕੋਈ ਹੈ ਨਹੀਂ ਸੀ। ਉਹ ਆਪਣੇ ਗੁਜ਼ਾਰੇ ਲਈ ਖੇਤਾਂ ਵਿੱਚ ਛੋਟਾ-ਮੋਟਾ ਕੰਮ ਕਰਿਆ ਕਰਦੀ ਸੀ। ਆਪਣੀ ਕਮਾਈ ਵਿੱਚੋਂ ਕੁੱਝ ਨਾ ਕੁੱਝ ਬਚਾ ਕੇ ਰੱਖ ਲੈਂਦੀ। ਉਸ ਦੇ ਮਨ ਵਿੱਚ ਤੀਬਰ ਇੱਛਾ ਸੀ ਕਿ ਜਦੋਂ ਉਹਦੇ ਕੋਲ ਕੁੱਝ ਰਕਮ ਜਮਾਂ ਹੋ ਗਈ ਤਾਂ ਉਹ ਤੀਰਥ ਯਾਤਰਾ ਕਰਕੇ ਆਪਣਾ ਜਨਮ ਸਫ਼ਲ ਕਰੇਗੀ।

ਕੁਝ ਸਮੇਂ ਬਾਅਦ ਉਹਦੇ ਕੋਲ ਜਦੋਂ ਕੁਝ ਰਕਮ ਹੋ ਗਈ ਤਾਂ ਉਸ ਨੇ ਤੀਰਥ ਯਾਤਰਾ ਦੀ ਤਿਆਰੀ ਕਰ ਲਈ। ਜਿਸ ਦਿਨ ਯਾਤਰਾ 'ਤੇ ਜਾਣਾ ਸੀ ਰਾਤ ਨੂੰ ਬਹੁਤ ਖਤਰਨਾਕ ਤੂਫ਼ਾਨ ਆਇਆ। ਜਿਸ ਵਿੱਚ ਪਿੰਡ ਦੇ ਸਾਰੇ ਮਕਾਨ ਢਹਿ ਢੇਰੀ ਹੋ ਗਏ। ਕੁਦਰਤ ਦਾ ਭਾਣਾ ਸਿਰਫ਼ ਮਾਈ ਦਾ ਘਰ ਤੇ ਸਾਮਾਨ ਬਚ ਗਿਆ। ਲੋਕਾਂ ਦਾ ਸਭ ਸਾਮਾਨ ਪਾਣੀ ਵਿਚ ਰੁੜ੍ਹ ਗਿਆ। ਉਹ ਤਬਾਹੀ ਵੇਖ ਕੇ ਮਾਈ ਦਾ ਤੀਰਥ ਯਾਤਰਾ 'ਤੇ ਜਾਣ ਦਾ ਇਰਾਦਾ ਬਦਲ ਗਿਆ।

ਉਸ ਨੇ ਆਪਣੀ ਸਾਰੀ ਰਕਮ ਤਬਾਹ ਹੋਏ ਲੋਕਾਂ ਵਿੱਚ ਵੰਡ ਦਿੱਤੀ, ਜਿਸ ਨਾਲ ਕਾਫ਼ੀ ਲੋਕ ਆਪਣੇ ਪੈਰਾਂ ਤੇ ਖੜੇ ਹੋ ਗਏ। ਇਸ ਨਾਲ ਉਨ੍ਹਾਂ ਦੇ ਮਨ ਨੂੰ ਬਹੁਤ ਸੰਤੁਸ਼ਟੀ ਹੋਈ। ਬਹੁਤੀ ਮਿਹਨਤ ਕਰਨ ਕਰਕੇ ਵਿਚਾਰੀ ਬਿਮਾਰ ਹੋ ਕੇ ਪਰਮਾਤਮਾ ਨੂੰ ਪਿਆਰੀ ਹੋ ਗਈ। ਧਰਮ ਰਾਜ ਨੇ ਉਸ ਨੂੰ ਮਹਾਨ ਦਾਨੀ ਦਾ ਖਿਤਾਬ ਦੇ ਦਿੱਤਾ ਤੇ ਆਖਿਆ ਭਾਵਨਾ ਦੀ ਤ੍ਰਿਪਤੀ ਲਈ ਹੀ ਤੀਰਥ ਯਾਤਰਾ ਕੀਤੀ ਜਾਂਦੀ ਹੈ। ਉਸ ਭਾਵਨਾ ਨੂੰ ਇਸ ਬਿਰਧ ਮਾਈ ਨੇ ਆਪਣੇ ਸ਼ੁਭ ਕਾਰਜ ਨਾਲ ਪੂਰਾ ਕੀਤਾ ਹੈ।

ਇਸ ਲਈ ਇਸ ਦਾ ਦਾਨ ਪੁੰਨ ਸਭ ਤੋਂ ਉੱਚਾ ਹੈ। ਲੋਕ ਸੇਵਾ ਵਿੱਚ, ਸੱਚੀ ਭਗਵਾਨ ਸੇਵਾ ਲੁਕੀ ਹੋਈ ਹੈ। ਨਿਰਸਵਾਰਥ ਕੀਤੀ ਹੋਈ ਸੇਵਾ ਨਾਲ ਭਗਵਾਨ ਜ਼ਰੂਰ ਹੀ ਖੁਸ਼ ਹੁੰਦੇ ਹਨ ਅਤੇ ਉਹਨਾਂ ਦੀ ਕ੍ਰਿਪਾ ਬਾਰਿਸ਼ ਬਣਕੇ ਵੱਸਦੀ ਹੈ।

# ਖ਼ਬਰਨਾਮਾ

## ਸੰਤ ਮੰਧੀਰ ਸਿੰਘ ਜੀ ਨਹੀਂ ਰਹੇ

ਸੰਤ ਮੰਧੀਰ ਸਿੰਘ ਦਾ ਜਨਮ 05/06/1966 ਨੂੰ ਪਿਤਾ ਸੰਤ ਹਰਬੰਸ ਸਿੰਘ ਜੀ ਤੇ ਮਾਤਾ ਜਸਬੀਰ ਕੌਰ ਜੀ ਦੇ ਘਰ ਹੋਇਆ। ਸੰਤ ਮੰਧੀਰ ਸਿੰਘ ਜੀ ਬੜੇ ਹੀ ਸਤਿਗੁਰਾਂ ਦੇ ਪ੍ਰੇਮੀ ਅਤੇ ਗੁਰਮੁਖ ਵਿਅਕਤੀ ਸਨ। ਇਨ੍ਹਾਂ ਦਾ ਪਰਿਵਾਰ ਵੀ ਗੁਰਮੁਖ ਪਰਿਵਾਰ ਹੈ। ਇਹ ਪਰਿਵਾਰ ਹਰ ਵੇਲ੍ਹੇ ਸੇਵਾ ਲਈ ਤੱਤਪਰ ਰਹਿੰਦਾ ਹੈ। ਕਿਤੇ ਵੀ ਕੋਈ ਧਾਰਮਿਕ ਪ੍ਰੋਗਰਾਮ ਹੁੰਦਾ ਹੈ, ਸੰਤ ਜੀ ਵੱਧ ਚੜ੍ਹ ਕੇ ਅਪਨਾ ਯੋਗਦਾਨ ਦੇਂਦੇ ਹਨ। ਸਤਿਗੁਰਾਂ ਦੀ ਕਿਰਪਾ ਸਦਕਾ ਸੰਤਾਂ ਨੇ ਸਾਲਾਨਾ ਚੰਡੀਗੜ ਦਾ ਬਸੰਤ ਦਾ ਮੇਲਾ ਕਰਵਾਉਂਦੇ ਸਨ ਅਤੇ ਇਸ ਵਰਸ਼ ਸੰਤਾ ਨੇ ਅਤੇ ਓਨਾ ਦੇ ਵੱਡੇ ਭਰਾ ਨੇ ਦਿੱਲੀ ਵਿਖੇ ਬਸੰਤ ਦੇ ਮੇਲੇ ਦੀ ਸੇਵਾ ਕਰਵਾਈ।



ਸੰਤ ਮੰਧੀਰ ਸਿੰਘ ਜੀ 1992 ਈ. ਤੋਂ ਪਹਿਲਾ ਖੁੱਲ੍ਹਾ ਪਹਿਰਾਵਾ ਅਤੇ ਨੀਲੇ ਕਾਲੇ ਵਸਤਰ ਪਹਿਨਦੇ ਸਨ। ਸਤਿਗੁਰੂ ਜਗਜੀਤ ਸਿੰਘ ਜੀ ਦੀ ਅਪਾਰ ਕਿਰਪਾ ਸਦਕਾ ਇਹਨਾਂ ਨੇ ਖੁਲ੍ਹਾ ਪਹਿਰਾਵਾ ਛੱਡ ਕੇ ਨਾਮਧਾਰੀ ਬਾਣਾ ਅਪਨਾਇਆ। ਸੰਤਾਂ ਦਾ ਆਨੰਦ ਕਾਰਜ ਜੰਮੂ ਦੇ ਸੰਤ ਕੁੰਦਨ ਸਿੰਘ ਜੀ ਪੁੱਤਰੀ ਬੀਬੀ ਹਰਨੀਤ ਕੌਰ ਜੀ ਨਾਲ ਸੰਨ 1985 ਈ. ਵਿੱਚ ਸਤਿਗੁਰਾਂ ਦੀ ਹਜ਼ੂਰੀ ਵਿੱਚ ਹੋਇਆ।

ਅੰਮ੍ਰਿਤ ਵੇਲੇ ਤੜਕੇ 2 ਵਜੇ ਉੱਠ ਕੇ ਕੇਸੀ ਇਸ਼ਨਾਨ ਕਰਕੇ ਨਾਮ ਸਿਮਰਨ ਕਰਨਾ ਅਤੇ ਪਾਠ ਕਰਨਾ ਸੰਤਾਂ ਦਾ ਨਿਯਮ ਸੀ। ਸੰਤਾ ਨੇ ਅਪਨੇ ਪਰਿਵਾਰ ਨੂੰ ਵੀ ਸਤਿਗੁਰੂ ਜੀ ਵਾਲੇ ਪਾਸੇ ਜੋੜਿਆ। ਸਤਿਗੁਰਾਂ ਦੇ ਹੁਕਮ ਅਨੁਸਾਰ ਬਾਹਰ ਦਾ ਖਾਣਾ ਪੀਣਾ ਵੀ ਛੱਡਿਆ।

ਇਕ ਵਾਰ ਦੀ ਗਲ ਹੈ ਜਿਸ ਸਮੇ ਸੰਤ ਜੀ ਆਪਣੀ ਫੈਕਟਰੀ ਦਾ ਕੰਮ ਕਰਵਾ ਰਹੇ ਸਨ, ਉਸ ਸਮੇ ਕੋਈ ਨਾ ਕੋਈ ਅੜਚਨ ਦਾ ਸਾਮਨਾ ਕਰਨਾ ਪੈਂਦਾ ਸੀ। ਇਹਨਾਂ ਨੇ ਸਤਿਗੁਰਾਂ ਦੇ ਚਰਨੀ ਇਕ ਕਿਰਪਾ ਕਰਨ ਦੀ ਚੀਠੀ ਲਿਖੀ ਅਤੇ ਉਸ ਵੇਲੇ ਸਤਿਗੁਰੂ ਜਗਜੀਤ ਸਿੰਘ ਜੀ ਨੇ 10 ਮਾਲਾ ਭਗੌਤੀ ਦੀਆਂ ਅਤੇ 10 ਮਾਲਾ ਨਾਮ ਸਿਮਰਨ ਦਾ ਹੁਕਮ ਲਾਇਆ ਜੋ ਕੀ ਸੰਤ ਜੀ ਅਖੀਰੀ ਪਲਾਂ ਤੱਕ ਕਰਦੇ ਰਹੇ ਸਨ। ਵਰਤਮਾਨ ਰਿਹਾਈਸ਼ 1/45 ਹੈ। ਸੰਤਾਨ ਵਜੋਂ ਦੋ ਕਾਕੇ ਕਾਕਾ ਚਨਪ੍ਰੀਤ ਸਿੰਘ, ਕਾਕਾ ਗੁਰਪ੍ਰੀਤ ਸਿੰਘ ਅਤੇ ਇਕ ਗੁਡੀ ਬੀਬੀ ਮਹਿਕਪ੍ਰੀਤ ਕੌਰ ਹੈ। ਸੰਤ ਮੰਧੀਰ ਸਿੰਘ 55 ਸਾਲ ਦੀ ਉਮਰ ਭੋਗ ਕੇ 05/07/2021 ਚੜਾਈ ਕਰ ਗਏ। ਉਹਨਾਂ ਦੇ ਭੋਗ ਦੀ ਅੰਤਿਮ ਅਰਦਾਸ 09/07/2021 ਨੂੰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿੱਚ ਬੈਂਗਲੋਰ ਫਾਰਮ ਵਿਖੇ ਹੋਈ। ਸਤਿਗੁਰੂ ਜੀ ਦੇ ਚਰਨੀ ਅਰਦਾਸ ਹੈ ਕੀ ਸੰਤਾਂ ਦੀ ਜੀਵ ਆਤਮਾ ਨੂੰ ਅਪਨੇ ਚਰਨੀ ਨਿਵਾਸ ਬਖ਼ਸ਼ਣ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ਣ, ਨਾਮ ਦਾਨ ਬਖ਼ਸ਼ਣ ਅਤੇ ਸਦਾ ਹੀ ਅਪਨੇ ਚਰਨੀ ਲਾਈ ਰੱਖਣ।

**ਜਥੇ. ਨਿਸ਼ਾਨ ਸਿੰਘ ਦਿੱਲੀ**

.................................................................

## ਮਾਤਾ ਚਰਨਜੀਤ ਕੌਰ ਸਦੀਵੀ ਵਿਛੋੜਾ ਦੇ ਗਏ

ਮਾਤਾ ਚਰਨਜੀਤ ਕੌਰ ਮਠਾੜੂ ਧਰਮ ਪਤਨੀ ਮਿਸਤਰੀ ਸੁਖਵੰਤ ਸਿੰਘ ਸ਼ਿੰਗਾਰੀ ਨਿਵਾਸੀ ਸੰਤਨਗਰ ਦਾ ਦੇਹਾਂਤ 10 ਅਪ੍ਰੈਲ 2021 ਈ. ਦਿਨ ਸ਼ਨੀਵਾਰ ਸ਼ਾਮੀ 7:30 ਵਜੇ ਸਿਰਸਾ ਦੇ ਇਕ ਹਸਪਤਾਲ ਵਿੱਚ ਹੋਇਆ। ਉਹ ਪਿਛਲੇ ਕਈ ਸਾਲਾਂ ਤੋਂ ਮਧੂਮੇਅ ਦੇ ਮਰੀਜ਼ ਸਨ। ਆਪ ਦੇ ਸਹੁਰੇ ਦਾ ਨਾਮ ਸਾਧੂ ਸਿੰਘ ਸਿੰਗਾਰੀ ਸੀ। ਮਾਤਾ ਚਰਨਜੀਤ ਕੌਰ ਦੇ ਤਿੰਨ ਪੁੱਤਰ ਰਘਬੀਰ ਸਿੰਘ, ਲਖਬੀਰ ਸਿੰਘ, ਪਰਮਜੀਤ ਸਿੰਘ ਅਤੇ ਇਕ ਧੀ ਇੰਦਰਪਾਲ ਕੌਰ ਹੈ। ਸਤਿਗੁਰੂ ਜੀ ਪਿਛੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ਣ।

**ਲਖਬੀਰ ਸਿੰਘ ਸ਼ਿੰਗਾਰੀ**

.................................................................

ਸ੍ਰੀ ਭੈਣੀ ਸਾਹਿਬ ਦੇ ਨੌਜਵਾਨਾਂ ਨੇ ਸ਼ਹੀਦੀ ਸਮਾਰਕ ਮਲੇਰਕੋਟਲਾ ਵਿਖੇ ਠੰਢੇ ਜਲ ਦੀ ਛਬੀਲ ਲਾਈ।
ਸੇਵਾਦਾਰ- ਦਰਸ਼ਨ ਸਿੰਘ ਸੋਨੂੰ, ਕੁਲਦੀਪ ਸਿੰਘ, ਬਲਕਾਰ ਸਿੰਘ, ਸੰਦੀਪ ਸਿੰਘ ਆਦਿ।


17-7-2021





Date of Publication: 6 August 2021,
Date of Posting: 8 August 2021

RNI NO.55658/93
LDM/008/2021-2023



– 1920 ਈ. ਤੋਂ ਸਥਾਪਤ 'ਸਤਿਜੁਗ' ਪਰਚਾ ਵੱਖ-ਵੱਖ ਸਥਾਨਾਂ (ਲਾਹੌਰ, ਸ੍ਰੀ ਭੈਣੀ ਸਾਹਿਬ, ਜੀਵਨ ਨਗਰ, ਦਿੱਲੀ) ਤੋਂ ਛਪਦਾ ਰਿਹਾ ਹੈ। ਜਿਸ ਕਰਕੇ ਜਿਲਦ ਨੰ. ਬਦਲਦੇ ਰਹੇ ਹਨ। ਹੁਣ ਜਦ 'ਸਤਿਜੁਗ' 100 ਸਾਲ ਦਾ ਸਫ਼ਰ ਤੈਅ ਕਰ ਚੁੱਕਾ ਹੈ ਤਾਂ ਅਸੀਂ ਚੱਲ ਰਹੀ ਜਿਲਦ ਨੰ. 29 ਬਦਲਕੇ 101 ਕਰ ਰਹੇ ਹਾਂ, ਜੋ ਕਿ ਤਰਤੀਬ ਅਨੁਸਾਰ ਠੀਕ ਹੈ ਤੇ ਅੱਗੇ ਤੋਂ ਇਹ ਲੜੀ ਬਰਕਰਾਰ ਰਹੇਗੀ।

Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi- 110015.